# ਅਧਿਆਇ 5

# ਅੱਤ ਪੁਰਾਤਨ ਪੂਰਵਜ

ਅਧਿਆਇ 5 ਨੂਹ ਅਤੇ ਜਲ ਪਰਲੋ ਦੇ ਸਮੇਂ ਨੂੰ ਪ੍ਰਸਤੁਤ ਕਰਦਾ ਹੈ। ਜਲ ਪਰਲੋ ਤੋਂ ਪਹਿਲਾਂ ਪੀੜ੍ਹੀਆਂ ਅਤੇ ਘਟਨਾਵਾਂ ਨੂੰ ਲਾਤੀਨੀ ਸ਼ਬਦ - ਐਟੀਂ ਡਿਲਯੂਲੀਯਮ ਦੇ ਦੁਆਰਾ ਦਰਸਾਇਆ ਜਾਂਦਾ ਹੈ ਜੋ ਦੋ ਲਾਤੀਨੀ ਸ਼ਬਦਾਂ - ਐਂਟੀ, ਜਿਸ ਦਾ ਅਰਥ "ਪਹਿਲਾਂ" ਹੈ, ਅਤੇ "ਡਿਲਯੂਲੀਯਮ" ਜੋ ਜੜ੍ਹ ਤੋਂ ਆਉਂਦਾ ਹੈ ਜਿਸ ਦਾ ਅਰਥ ਹੈ "ਧੋ ਦੇਣਾ" ਇਸ ਲਈ ਦਿਮਾਗ ਵਿਚ ਇੱਕ ਹੜ੍ਹ ਜਾਂ ਜਲ ਪਰਲੋ ਆਉਂਦੇ ਹਨ। ਵਾਕ "ਐਟੀਂਡਿਲਯੂਲੀਯਮ ਪੈਟ੍ਰੀਆਰਕਸ" (ਜਲ ਪਰਲੋ ਤੋਂ ਪਹਿਲਾਂ ਦੇ ਪੂਰਵਜ) ਅਕਸਰ ਆਦਮ ਤੋਂ ਨੂਹ ਦੇ ਬਾਈਬਲ ਦੇ ਸੰਦਰਭਾਂ ਦਾ ਉਲੇਖ ਕਰਨ ਦੇ ਲਈ ਵਰਤਿਆ ਜਾਂਦਾ ਹੈ ਇਹ "ਜਲ ਪਰਲੋ ਤੋਂ ਪੂਰਵ ਦੇ ਪੂਰਵਜ" ਕਹਿਣ ਦਾ ਇੱਕ ਤਰੀਕਾ ਹੈ।

ਭਾਵੇਂ ਉਤਪਤ ਦੀ ਪੁਸਤਕ ਦੇ ਲੇਖਕ ਨੇ ਪਹਿਲਾਂ ਤੋਂ ਹੀ ਆਦਮ ਦੇ ਵੰਸ ਦੀਆਂ ਸੱਤਾਂ ਪੀੜ੍ਹੀਆਂ ਨੂੰ ਦਰਸਾਇਆ ਹੈ ਜੋ ਕਇਨ ਦੇ ਦੁਆਰਾ ਜਲ ਪਰਲੋ ਤੋਂ ਪਹਿਲਾਂ ਪੈਦਾ ਹੋਏ ਸਨ (ਅਧਿਆਇ 4), ਪਰ ਇਸ ਭਾਗ ਵਿਚ ਉਸ ਨੇ ਸੇਥ ਦੇ ਰਾਹੀਂ "ਆਦਮ ਦੀਆਂ ਪੀੜ੍ਹੀਆਂ" ਉੱਤੇ ਇੱਕ ਨਵੇਂ ਭਾਗ ਨੂੰ ਸ਼ੁਰੂ ਕੀਤਾ ਹੈ (ਅਧਿਆਇ 5)। ਇਸ ਦੂਸਰੀ ਸੂਚੀ ਵਿਚ ਆਦਮ ਤੋਂ ਨੂਹ ਤੱਕ ਦਸ ਪੀੜ੍ਹੀਆਂ ਸ਼ਾਮਲ ਹਨ।

ਇਨ੍ਹਾਂ ਦੋਵਾਂ ਬਿਰਤਾਂਤਾਂ ਨੇ ਬਾਈਬਲ ਦੇ ਉਨ੍ਹਾਂ ਵਿਦਿਆਰਥੀਆਂ ਦੇ ਮਨਾਂ ਵਿਚ ਉਲਝਣ ਪੈਦਾ ਕਰ ਦਿੱਤੀ ਹੈ ਜੋ ਬੰਸਾਵਲੀਆਂ ਦਾ ਉਪਯੋਗ ਕਰਨ ਦੀ ਕੋਸ਼ਿਸ਼ ਕਰਦੇ ਹਨ ਕਿ ਇਹ ਪਤਾ ਲਗਾ ਸਕਣ ਕਿ ਆਦਮ ਦੀ ਸਰਿਸ਼ਟੀ ਅਤੇ ਨੂਹ ਦੇ ਸਮੇਂ ਦੇ ਵਿਚ ਕਿੰਨੇ ਸਾਲ ਬੀਤ ਚੁੱਕੇ ਸਨ। ਬਹੁਤ ਸਾਰੇ ਪ੍ਰਸ਼ਨ ਉੱਠਦੇ ਹਨ: (1) ਸਮੇਂ ਦੇ ਬੀਤਣ ਦੇ ਸੰਬੰਧ ਵਿਚ, ਕੀ ਕਇਨ ਦੀਆਂ ਪੀੜ੍ਹੀਆਂ ਦੇ ਵੰਸ ਸੇਥ ਦੀਆਂ ਪੀੜ੍ਹੀਆਂ ਦੇ ਵੰਸਾਂ ਦੇ ਲਗਭਗ ਬਰਾਬਰ ਸਨ? (2) ਜੇਕਰ ਹਾਂ, ਤਾਂ ਕਇਨ ਦੀ ਸੰਤਾਨ ਸੇਥ ਦੀ ਸੰਤਾਨ ਤੋਂ ਇੰਨੇ ਵੱਧ ਸਮੇਂ ਤੱਕ ਰਹੇ? ਇਹ ਪਰੇਸ਼ਾਨ ਕਰਦਾ ਹੈ, ਕਿਉਂਕਿ ਕਇਨ ਦੀ ਸੰਤਾਨ ਦਾ ਵਰਣਨ ਹਿੰਸਾ ਦੇ ਦੁਆਰਾ ਕੀਤਾ ਜਾਂਦਾ ਹੈ (4:8-24; 6:1-5, 11-13)। ਕੋਈ ਇਹ ਸੋਚ ਸਕਦਾ ਹੈ ਕਿ ਉਨ੍ਹਾਂ ਦਾ ਜੀਵਨ ਕਾਲ ਵੱਧਣ ਦੀ ਬਜਾਇ ਘੱਟ ਗਿਆ ਹੋਵੇਗਾ। (3) ਕਿਉਂ ਕਇਨ ਦੀ ਬੰਸਾਵਲੀ ਵਿਚ ਬਹੁਤ ਲੰਬੇ ਜੀਵਨ ਕਾਲ ਦਾ ਕੋਈ ਜ਼ਿਕਰ ਨਹੀਂ ਹੈ, ਜਿਵੇਂ ਕਿ ਸੇਥ ਦੀ ਸੰਤਾਨ ਦੀ ਬੰਸਾਵਲੀ ਦੇ ਲੇਖ ਵਿਚ ਹੈ? (4) ਕੀ ਉਤਪਤ ਦੀ ਪੁਸਤਕ ਦੇ ਲੇਖਕ ਦੇ ਕੋਲ ਕਇਨ ਦੀਆਂ ਸਿਰਫ ਸੱਤਾਂ ਪੀੜ੍ਹੀਆਂ ਦੇ ਉਲੇਖ ਕਰਨ ਦਾ ਕੋਈ ਪ੍ਰਤੀਕਾਤਮਕ ਕਾਰਣ ਸੀ, ਜਦਕਿ ਆਦਮ ਦੇ ਰਾਹੀਂ ਸੇਥ ਤੋਂ ਨੂਹ ਤੱਕ ਦੀਆਂ ਦਸ ਪੀੜ੍ਹੀਆਂ ਸ਼ਾਮਲ ਹਨ? (ਇਨ੍ਹਾਂ ਵਿਚੋਂ ਕੁਝ ਪ੍ਰਸ਼ਨਾਂ ਦੇ ਉੱਤਰਾਂ ਦੇ ਲਈ, ਵੇਖੋ *ਪ੍ਰਾਸੰਗਿਕਤਾ: ਬੰਸਾਵਲੀਆਂ,* ਪੇਜ਼ 172-79.)

## ਸਰਿਸ਼ਟੀ ਅਤੇ ਅਸੀਸ (5:1, 2)

**1ਏਹ ਆਦਮ ਦੀ ਕੁਲ ਪੱਤਰੀ ਦੀ ਪੋਥੀ ਹੈ ਜਿਸ ਦਿਨ ਪਰਮੇਸ਼ੁਰ ਨੇ ਆਦਮ ਨੂੰ ਉਤਪਤ ਕੀਤਾ। ਉਸ ਨੇ ਪਰਮੇਸ਼ੁਰ ਵਰਗਾ ਉਸ ਨੂੰ ਬਣਾਇਆ।**
**2ਨਰ ਨਾਰੀ ਉਨ੍ਹਾਂ ਨੂੰ ਉਤਪਤ ਕੀਤਾ ਤੇ ਉਨ੍ਹਾਂ ਨੂੰ ਅਸੀਸ ਦਿੱਤੀ ਅਤੇ ਜਿਸ ਦਿਨ ਉਨ੍ਹਾਂ ਨੂੰ ਉਤਪਤ ਕੀਤਾ ਉਨ੍ਹਾਂ ਦਾ ਨਾਉਂ ਆਦਮ ਰੱਖਿਆ।**

**ਆਇਤਾਂ 1, 2.** ਇੱਕ ਹੋਰ ਵਾਕ תּוֹלְדוֹת (*ਟੋਲੇਡੋਥ*) ਦਾ ਵਰਣਨ ਇਸ ਆਇਤ ਵਿਚ ਹੁੰਦਾ ਹੈ, ਪਰ ਇਹ ਉਤਪਤ ਦੇ ਹੋਰ ਸਾਰੇ ਖਾਤਿਆਂ ਤੋਂ ਭਿੰਨ ਹੈ: ਇਹ ਸ਼ਬਦ **ਆਦਮ ਦੀਆਂ ਪੀੜ੍ਹੀਆਂ** [*ਟੋਲੇਡੋਥ*] **ਦੀ ਪੁਸਤਕ** (סֵפֶר, *ਸੇਪਰ*) ਦੀ ਵਰਤੋਂ ਕਰਦਾ ਹੈ। ਇਸ ਦੀ ਭਾਸ਼ਾ ਤੋਂ ਪਤਾ ਲੱਗਦਾ ਹੈ ਕਿ ਉਤਪਤ ਦੀ ਪੁਸਤਕ ਵਿਚ ਸ਼ਾਮਲ ਹੋਣ ਤੋਂ ਪਹਿਲਾਂ, ਇਹ ਬੰਸਾਵਲੀ ਖਾਤਾ ਇੱਕ ਵੱਖਰੇ ਲਿਖਤ ਦਸਤਾਵੇਜ਼[1] ਦੇ ਰੂਪ ਵਿਚ ਮੌਜੂਦ ਹੈ ਜਿਸ ਨੂੰ ਲੇਖਕ ਨੇ ਆਦਮ ਦੁਆਰਾ ਸੇਥ ਤੋਂ ਨੂਹ ਤੱਕ ਆਪਣੀ ਸਮੱਗਰੀ ਦੇ ਸਰੋਤ ਦੇ ਰੂਪ ਵਿਚ ਇਸਤੇਮਾਲ ਕੀਤਾ। ਪੁਰਾਣੇ ਨੇਮ ਦੇ ਲੇਖਕ ਹੋਰਨਾਂ ਪੁਸਤਕਾਂ (ਦਸਤਾਵੇਜ਼ਾਂ) ਬਾਰੇ ਜਾਣਦੇ ਸਨ ਜੋ ਪੁਰਾਣੇ ਸਮੇਂ ਵਿਚ ਮੌਜੂਦ ਸਨ, ਜਿਵੇਂ ਕਿ "ਯਹੋਵਾਹ ਦੇ ਯੁੱਧਾਂ ਦੀ ਪੁਸਤਕ" (ਗਿਣਤੀ 21:14) ਅਤੇ "ਜਸ਼ਰ ਦੀ ਪੁਸਤਕ" (ਯਹੋਸ਼ੁਆ 10:13; 2 ਸਮੂਏਲ 1:18), ਅਤੇ ਉਹ ਕਈ ਵਾਰ ਉਨ੍ਹਾਂ ਦਾ ਹਵਾਲਾ ਦਿੰਦੇ ਸਨ ਜਦੋਂ ਉਹ ਪਰਮੇਸ਼ੁਰ ਦੇ ਲੋਕਾਂ ਦੇ ਜੀਵਨਾਂ ਵਿਚ ਵੱਖ-ਵੱਖ ਘਟਨਾਵਾਂ ਦੇ ਵਿਸ਼ੇ ਵਿਚ ਦੱਸਦੇ ਸਨ।

ਬਾਕੀ ਦੀਆਂ ਆਇਤਾਂ 1 ਅਤੇ 2 ਇੱਕ ਕਾਵਿਕ ਬਨਾਵਟ ਬਣਾਉਂਦੀਆਂ ਹਨ, ਜੋ 1:27 ਅਤੇ 2:4 ਦੇ ਵਿਚ ਪਾਏ ਜਾਣ ਵਾਲੇ ਵਾਂਗ ਜਾਪਦਾ ਹੈ। ਸਮਾਨ ਸ਼ਬਦਾਂ ਦਾ ਪ੍ਰਯੋਗ ਕਰਕੇ, ਲੇਖਕ ਨੇ ਪਹਿਲੇ ਆਦਮੀ (ਆਦਮ) ਦੀ ਸਰਿਸ਼ਟੀ ਦੇ ਲਈ ਅਧਿਆਇ 5 ਦੀ ਬੰਸਾਵਲੀ ਅਤੇ 1:26-28 ਦੇ ਧਰਮ ਸ਼ਾਸਤਰ ਅਧਿਐਨ ਨੂੰ ਜੋੜਿਆ ਸੀ। ਉਸ ਨੇ ਫਿਰ ਜ਼ੋਰ ਦਿੱਤਾ ਕਿ "ਮਨੁੱਖ" ਨੂੰ "ਪਰਮੇਸ਼ੁਰ ਦੀ ਸਮਾਨਤਾ ਤੇ ਰਚਿਆ ਗਿਆ ਸੀ।" ਉਸ ਨੇ ਪਹਿਲਾਂ ਤੋਂ ਹੀ ਆਦਮੀ ਦੇ ਆਤਮਿਕ ਡਿੱਗਣ ਅਤੇ ਕਇਨ ਅਤੇ ਲਾਮਕ ਦੁਆਰਾ ਕੀਤੀਆਂ ਗਈਆਂ ਹੱਤਿਆਵਾਂ ਦਾ ਵਰਣਨ ਕੀਤਾ ਸੀ। ਸੇਥ ਅਤੇ ਨੂਹ ਦੀ ਕਹਾਣੀ ਨੂੰ ਜਾਰੀ ਰੱਖਣ ਤੋਂ ਪਹਿਲਾਂ, ਉਹ ਇਸ ਤੱਥ ਨੂੰ ਦੁਹਰਾਉਣਾ ਚਾਹੁੰਦਾ ਸੀ ਕਿ ਆਤਮਿਕ ਤੌਰ ਤੇ ਡਿੱਗਿਆ ਹੋਇਆ ਮਨੁੱਖ ਹੁਣ ਵੀ ਪਰਮੇਸ਼ੁਰ ਦੇ ਸਵਰੂਪ (ਸਮਰੂਪਤਾ) ਨੂੰ ਧਾਰਣ ਕੀਤੇ ਹੋਏ ਹੈ। ਪਾਪ ਅਤੇ ਬੁਰਾਈ ਜਨਮ ਤੋਂ ਵਿਰਸੇ ਵਿਚ ਨਹੀਂ ਮਿਲੇ ਹਨ; ਪਰ ਇਹ ਉਨ੍ਹਾਂ ਚੋਣਾਂ ਦਾ ਸਿੱਟਾ ਹਨ ਜੋ ਲੋਕ ਆਪਣੇ ਦਿਲਾਂ ਵਿਚ ਬਣਾਉਂਦੇ ਹਨ (6:5 ਤੇ ਟਿੱਪਣੀਆਂ ਵੇਖੋ)। ਆਦਮ ਅਤੇ ਹੱਵਾਹ ਤੋਂ ਸਿਰਫ ਕਇਨ ਦੀ ਦੁਸ਼ਟ ਪੀੜ੍ਹੀ ਹੀ ਪੈਦਾ ਨਹੀਂ ਹੋਈ (4:1-24), ਪਰ ਸੇਥ ਦੀ ਧਾਰਮਿਕ ਪੀੜ੍ਹੀ ਵੀ ਪੈਦਾ ਹੋਈ ਸੀ (4:25-5:32)।

ਸਰਿਸ਼ਟੀ ਦੀ ਕਹਾਣੀ ਤੋਂ ਲੇਖਕ ਨੇ ਇੱਕ ਹੋਰ ਵਿਸ਼ੇ ਨੂੰ ਵੀ ਦੁਹਰਾਇਆ (1:26-28): ਇਹ ਸੱਚਾਈ ਕਿ ਪਰਮੇਸ਼ੁਰ ਨੇ "ਨਰ ਨਾਰੀ ਕਰਕੇ ਉਨ੍ਹਾਂ ਨੂੰ ਉਤਪਤ ਕੀਤਾ, ਅਤੇ ਉਸ ਨੇ ਉਨ੍ਹਾਂ ਨੂੰ ਅਸੀਸ ਦਿੱਤੀ ਅਤੇ ਉਨ੍ਹਾਂ ਨੂੰ ਮਨੁੱਖ ਨਾਮ ਦਿੱਤਾ।" ਪਾਪ ਦੇ ਆਉਣ ਤੋਂ ਬਾਅਦ ਵੀ ਨਾ ਸਿਰਫ ਪਰਮੇਸ਼ੁਰ ਦਾ ਸਵਰੂਪ (ਸਮਾਨਤਾ) ਹੀ ਕਾਇਮ ਰਿਹਾ, ਸਗੋਂ ਪਰਮੇਸ਼ੁਰ ਦੀ ਪ੍ਰਜਨਨ ਦੀ ਮੂਲ ਅਸੀਸ ਵੀ ਜਾਰੀ ਰਹੀ। ਆਦਮੀ ਅਤੇ ਇਸਤਰੀ ਦੀ ਸੰਤਾਨ ਨੇ ਮਨੁੱਖ ਜਾਤੀ ਦੇ ਲਈ ਪਰਮੇਸ਼ੁਰ ਦੇ ਪਹਿਲੇ ਹੁਕਮ ਨੂੰ ਪੂਰਾ ਕੀਤਾ: "ਫਲੋ ਅਰ ਵਧੋ ਅਰ ਧਰਤੀ ਨੂੰ ਭਰ ਦਿਓ" (1:28)।

ਆਇਤਾਂ 1 ਅਤੇ 2 ਦੇ ਸ਼ਬਦਾਂ ਵਿਚ ਸ਼ਬਦਾਂ ਦਾ ਇੱਕ ਤਾਣਾ-ਬਾਣਾ ਚੱਲ ਰਿਹਾ ਹੈ, ਇਨ੍ਹਾਂ ਵਿਚ ਇਬਰਾਨੀ ਸ਼ਬਦ אָדָם (*ਐਡਮ*) ਤਿੰਨ ਵਾਰ ਆਇਆ ਹੈ। ਆਇਤ 1 ਦੇ ਪਹਿਲੇ ਭਾਗ ਵਿਚ, ਲੇਖਕ ਪਹਿਲੇ ਆਦਮੀ ਦੀ ਗੱਲ ਕਰ ਰਿਹਾ ਸੀ, ਇਸ ਲਈ ਇਬਰਾਨੀ ਸ਼ਬਦ ਦਾ ਸਹੀ ਅਨੁਵਾਦ "ਆਦਮ" ਕੀਤਾ ਜਾਣਾ ਚਾਹੀਦਾ ਹੈ (ਵੇਖੋ 5:3-5)। ਆਇਤਾਂ 1 ਦੇ ਦੂਸਰੇ ਹਿੱਸੇ ਅਤੇ ਆਇਤ 2 ਵਿਚ, *ਆਦਮ* "ਮਨੁੱਖਤਾ" ਦੇ ਆਮ ਅਰਥ ਵਿਚ ਇਸਤੇਮਾਲ ਕੀਤਾ ਗਿਆ ਹੈ ਅਤੇ ਇਸ ਨੂੰ ਸਧਾਰਣ ਤੌਰ ਤੇ "ਮਨੁੱਖ" ਦੇ ਰੂਪ ਵਿਚ ਜਾਣਿਆ ਜਾਣਾ ਚਾਹੀਦਾ ਹੈ। ਇਹ ਆਇਤ 2 ਵਿਚ ਸਪੱਸ਼ਟ ਹੈ, ਜਿੱਥੇ ਲੇਖਕ ਨੇ ਕਿਹਾ ਕਿ ਪਰਮੇਸ਼ੁਰ ਨੇ "ਨਰ ਨਾਰੀ ਉਨ੍ਹਾਂ ਨੂੰ ਉਤਪਤ ਕੀਤਾ . . . ਅਤੇ ਉਨ੍ਹਾਂ ਦਾ ਨਾਉਂ ਆਦਮ ਰੱਖਿਆ।" ਇਸ ਲਈ, "ਆਦਮ" (*ਐਡਮ*) ਨੂੰ ਇੱਥੇ ਵੱਡੇ ਅੱਖਰਾਂ ਵਿਚ ਨਹੀਂ ਲਿਖਿਆ ਜਾਣਾ ਚਾਹੀਦਾ ਹੈ (ਵੇਖੋ NIV)। ਇਹ ਆਦਮ ਨੂੰ, ਇੱਕ ਵਿਅਕਤੀ ਦੇ ਰੂਪ ਵਿਚ ਨਹੀਂ, ਸਗੋਂ "ਮਨੁੱਖਤਾ" ਜਾਂ "ਮਨੁੱਖ ਜਾਤੀ" ਦੇ ਰੂਪ ਵਿਚ ਦਰਸਾਉਂਦਾ ਹੈ (ਵੇਖੋ NRSV), ਜਿਸ ਵਿਚ ਆਦਮੀ ਅਤੇ ਇਸਤਰੀਆਂ ਦੋਵੇਂ ਆਉਂਦੇ ਹਨ। ਲਿੰਗ ਇੱਕ ਦੂਸਰੇ ਤੋਂ ਸੁਤੰਤਰ ਨਹੀਂ ਹਨ (1 ਕੁਰਿੰਥੀਆਂ 11:11); ਪਰਮੇਸ਼ੁਰ ਦੁਆਰਾ ਤਿਆਰ ਕੀਤੀ ਗਈ ਸਰਿਸ਼ਟੀ ਦੀ ਪ੍ਰਕਿਰਿਆ ਨੂੰ ਜਾਰੀ ਰੱਖਣ ਦੇ ਲਈ ਦੋਵੇਂ ਜਰੂਰੀ ਹਨ, ਜਿਸ ਵਿਚ ਜਿਨਸੀ ਪ੍ਰਜਨਨ ਅਤੇ ਭੌਤਿਕ ਸੰਤਾਨਾਂ ਦਾ ਨਿਯਮਿਤ ਜਨਮ ਹੋਣਾ ਸ਼ਾਮਲ ਹੈ ਤਾਂ ਕਿ ਦੁਨੀਆਂ ਨੂੰ ਅਬਾਦ ਕੀਤਾ ਜਾ ਸਕੇ।

## ਸੇਥ ਤੋਂ ਹਨੋਕ ਤੱਕ ਆਦਮ ਦੀ ਨਵੀਂ ਬੰਸਾਵਲੀ (5:3-20)

### ਆਦਮ ਤੋਂ ਸੇਥ (5:3-5)

**3ਆਦਮ ਇੱਕ ਸੌ ਤੀਹਾਂ ਵਰਿਹਾਂ ਦਾ ਹੋਇਆ ਤਾਂ ਉਸ ਤੋਂ ਇੱਕ ਪੁੱਤ੍ਰ ਉਸ ਵਰਗਾ ਤੇ ਉਸ
ਦੇ ਸਰੂਪ ਉੱਤੇ ਜੰਮਿਆ ਅਤੇ ਉਸ ਨੇ ਉਹ ਦਾ ਨਾਉਂ ਸੇਥ ਰੱਖਿਆ। 4ਆਦਮ ਦੀ ਉਮਰ ਸੇਥ ਦੇ
ਜੰਮਣ ਦੇ ਪਿੱਛੋਂ ਅੱਠ ਸੌ ਵਰਿਹਾਂ ਦੀ ਸੀ ਅਤੇ ਉਸ ਤੋਂ ਪੁੱਤ੍ਰ ਧੀਆਂ ਜੰਮੇ। 5ਆਦਮ ਦੇ ਜੀਵਣ ਦੀ
ਸਾਰੀ ਉਮਰ ਨੌ ਸੌ ਤੀਹ ਵਰਿਹਾਂ ਦੀ ਸੀ ਤਾਂ ਉਹ ਮਰ ਗਿਆ।**

**ਆਇਤਾਂ 3-5.** ਹਾਬਲ ਨੂੰ ਮਰੇ ਹੋਏ ਬਹੁਤ ਦੇਰ ਹੋ ਚੁੱਕੀ ਸੀ, ਪਰ ਕਇਨ ਦੇ ਦੁਆਰਾ ਆਦਮ ਦੀ ਬੰਸਾਵਲੀ ਨਿਰੰਤਰ ਜਾਰੀ ਰਹੀ, ਜਿਵੇਂ 4:1-24 ਵਿਚ ਦਰਜ ਕੀਤਾ ਗਿਆ ਹੈ। ਇੱਥੇ ਲੇਖਕ ਨੇ **ਸੇਥ** ਦੇ ਦੁਆਰਾ ਪੀੜ੍ਹੀ ਦੀ ਇੱਕ ਨਵੀਂ ਰੇਖਾ ਦੀ ਸ਼ੁਰੂਆਤ ਕੀਤਾ। ਕਿਉਂਕਿ **ਆਦਮ** ਨੂੰ ਪਰਮੇਸ਼ੁਰ ਦੇ ਸਰੂਪ ਤੇ ਅਤੇ ਉਸ ਦੇ ਵਰਗਾ ਬਣਾਇਆ ਗਿਆ ਸੀ (1:26, 27; 5:1) ਅਤੇ **ਇਸ ਤੋਂ ਇੱਕ ਪੁੱਤ੍ਰ ਉਸ ਵਰਗਾ ਤੇ ਉਸ ਦੇ ਸਰੂਪ ਉੱਤੇ ਜੰਮਿਆ**, ਡਿੱਗ ਜਾਣ ਦੇ ਕਾਰਣ ਪਰਮੇਸ਼ੁਰ ਦਾ ਸਰੂਪ ਨਹੀਂ ਗੁਆਚਿਆ ਸੀ। ਭਾਵੇਂ ਆਦਮ ਦੀ ਨਵੀਂ ਸੰਤਾਨ ਵਿਚ ਮੂਲ ਬਰਕਤਾਂ ਜਾਰੀ ਰਹੀਆਂ, ਪਰ ਸੇਥ ਨੂੰ ਵੀ ਆਪਣੇ ਮਾਪਿਆਂ ਦੇ ਪਾਪ ਦੇ ਸਿੱਟਿਆਂ ਨੂੰ ਭੋਗਣਾ ਪਿਆ: ਮੌਤ (5:8)।

5:3-32 ਵਿਚਲੀ ਇਸ ਬੰਸਾਵਲੀ ਦੇ ਦੌਰਾਨ, ਲੇਖਕ ਹਰ ਅਗਲੀ ਪੀੜ੍ਹੀ ਦੇ ਜੇਠੇ ਪੁੱਤਰ ਦੇ ਜਨਮ ਨੂੰ ਦਰਜ ਕਰਦਾ ਹੈ। ਇਸ ਨਮੂਨੇ ਦੇ ਅਪਵਾਦ ਆਦਮ ਦੇ ਪਹਿਲੇ ਦੋ ਪੁੱਤਰ, ਕਇਨ ਅਤੇ ਹਾਬਲ (4:1, 2), ਅਤੇ ਨੂਹ ਦੇ ਤਿੰਨ ਪੁੱਤਰ: ਸ਼ੇਮ, ਹਾਮ ਤੇ ਯਾਫਥ ਹਨ (5:32)। ਹਰੇਕ ਪੀੜ੍ਹੀ ਨੂੰ ਜੋੜਣ ਦੇ ਲਈ, ਲੇਖਕ ਨੇ ਇਕਸਾਰ ਨਮੂਨੇ ਦੀ ਪਾਲਣਾ ਕੀਤੀ: ਉਸ ਨੇ ਪੁੱਤਰ ਦੇ ਜਨਮ ਦੇ ਸਮੇਂ ਉਸ ਦੇ ਪਿਤਾ ਦੀ ਉਮਰ ਅਤੇ ਉਸ ਤੋਂ ਬਾਅਦ ਪੁੱਤਰ ਦਾ ਨਾਮ ਦਿੱਤਾ। ਉਸ

ਤੋਂ ਬਾਅਦ, ਉਸ ਨੇ ਸੂਚਨਾ ਦਿੱਤੀ ਕਿ ਪੁੱਤਰ ਦੇ ਜਨਮ ਦੇ ਪਿੱਛੋਂ ਉਸ ਦਾ ਪਿਤਾ ਕਿੰਨੇ ਸਾਲ ਜੀਉਂਦਾ ਰਿਹਾ ਅਤੇ ਇਸ ਬਿਆਨ ਨੂੰ ਵੀ ਜੋੜਿਆ ਕਿ **ਅਤੇ ਉਸ ਤੋਂ ਪੁੱਤ੍ਰ ਧੀਆਂ ਜੰਮੇ**। ਅੰਤ ਵਿਚ, ਉਸ ਨੇ ਮੌਤ ਦੇ ਸਮੇਂ ਉਸ ਦੇ ਪਿਤਾ ਜੀ ਦੀ ਉਮਰ ਦਾ ਉਲੇਖ ਕੀਤਾ।

ਇਸ ਅਧਿਆਇ ਵਿਚ ਸੂਚੀਬੱਧ ਲੋਕਾਂ ਦੀ ਲੰਬੀ ਉਮਰ ਦਾ ਵਿਸ਼ੇਸ਼ ਧਿਆਨ ਰੱਖਣਾ ਚਾਹੀਦਾ ਹੈ। ਉਦਾਹਰਣ ਦੇ ਤੌਰ ਤੇ, **ਆਦਮ ਦੇ ਜੀਵਣ ਦੀ . . . ਨੌ ਸੌ ਤੀਹ ਵਰਿਹਾਂ ਦੀ ਸੀ।** ਅਸਲ ਵਿਚ, ਇਨ੍ਹਾਂ ਵਿਚੋਂ ਜ਼ਿਆਦਾਤਰ ਲੋਕ ਨੌ ਸੌ ਸਾਲਾਂ ਤੋਂ ਵੱਧ ਕੇ ਜੀਉਂਦੇ ਰਹਿੰਦੇ ਹਨ। ਸੰਦੇਹਵਾਦੀ ਇਸ ਗੱਲ ਦਾ ਇਨਕਾਰ ਕਰਦੇ ਹਨ ਕਿ ਉਤਪਤ ਅਧਿਆਇ 5 ਵਿਚ ਦਰਜ ਕੀਤੇ ਗਏ ਲੋਕਾਂ ਦੇ ਜੀਵਨ ਕਾਲ ਦੇ ਸਮਾਨ ਲੰਬੇ ਜੀਵਨ-ਕਾਲ ਅਸਲ ਵਿਚ ਹੋਏ ਸਨ। ਇਨ੍ਹਾਂ ਉਮਰਾਂ ਨੂੰ ਅਵਿਸ਼ਵਾਸਯੋਗ ਸਮਝ ਕੇ ਰੱਦਣ ਦੀ ਬਜਾਇ, ਪਾਠਕ ਨੂੰ ਉਨ੍ਹਾਂ ਨੂੰ ਗੰਭੀਰਤਾ ਨਾਲ, ਪਰਮੇਸ਼ੁਰ ਦੀ ਕਿਰਪਾ ਦੇ ਹੋਰ ਸਬੂਤ ਦੇ ਰੂਪ ਵਿਚ ਲੈਣਾ ਚਾਹੀਦਾ ਹੈ।[2] ਅਧਿਆਇ 3 ਅਤੇ 4 ਇਸ ਗੱਲ ਨੂੰ ਪਰਗਟ ਕਰਦੇ ਹਨ ਕਿ ਰੱਬੀ ਕਿਰਪਾ ਨੇ ਆਦਮ, ਹੱਵਾਹ, ਅਤੇ ਕਇਨ ਨੂੰ ਹੋਰ ਵੀ ਲੰਬੇ ਸਮੇਂ ਤੱਕ ਜੀਉਂਦੇ ਰਹਿਣ ਦੀ ਇਜਾਜ਼ਤ ਦਿੱਤੀ ਜਦਕਿ ਉਹ ਉਸੇ ਘੜੀ ਮਾਰੇ ਜਾਣ ਦੇ ਯੋਗ ਸਨ।

ਜਲ ਪਰਲੋ ਤੋਂ ਬਾਅਦ, ਮਨੁੱਖ ਜਾਤੀ ਦਾ ਜੀਵਨ ਕਾਲ ਤੇਜ਼ੀ ਦੇ ਨਾਲ ਘਟਾ ਦਿੱਤਾ ਗਿਆ। ਜਦਕਿ ਨੂਹ 950 ਸਾਲ ਜੀਉਂਦਾ ਰਿਹਾ (9:29), ਸ਼ੇਮ ਦੇ ਪੁੱਤਰ ਦਾ ਜੀਵਨ ਸਿਰਫ 600 ਸਾਲ ਸੀ (11:10, 11)। ਕਈਆਂ ਪੀੜ੍ਹੀਆਂ ਤੋਂ ਬਾਅਦ, ਅਬਰਾਹਾਮ 175 ਸਾਲ ਦੀ ਉਮਰ ਵਿਚ ਮਰ ਗਿਆ (25:7)। ਇਸ ਤੋਂ ਕਈ ਸਦੀਆਂ ਬਾਅਦ, ਮੂਸਾ 120 ਸਾਲ ਜੀਉਂਦਾ ਰਿਹਾ (ਬਿਵਸਥਾ ਸਾਰ 34:7)। ਉਮਰ ਲਗਾਤਾਰ ਘੱਟਦੀ ਗਈ ਜਦ ਤਕ ਇਹ ਸਧਾਰਣ ਉਮਰ 70 ਜਾਂ 80 ਸਾਲਾਂ ਤੱਕ ਨਹੀਂ ਪਹੁੰਚ ਗਈ (ਜ਼ਬੂਰਾਂ 90:10)।

ਮਨੁੱਖ ਦੀ ਉਮਰ ਦਾ ਘੱਟਣਾ ਸ਼ਾਇਦ ਪਰਮੇਸ਼ੁਰ ਦੇ ਇਹ ਕਹਿਣ ਦਾ ਤਰੀਕਾ ਹੋ ਸਕਦਾ ਹੈ ਕਿ ਅਸਲ ਵਿਚ ਪਾਪ ਦੇ ਕਾਰਣ ਇਤਹਾਸ ਗੁਣਾਤਮਕ ਰੂਪ ਦੇ ਨਾਲ ਇੱਕ ਹੇਠਲੇ ਪੱਧਰ ਤੇ ਜਾ ਰਿਹਾ ਸੀ, ਜਦਕਿ ਇਹ ਆਬਾਦੀ ਅਤੇ ਸੰਸਕ੍ਰਿਤਿਕ ਉਪਲੱਬਧੀਆਂ ਵਿਚ ਪਰਿਣਾਮ ਰੂਪ ਵਿਚ ਅੱਗੇ ਜਾ ਰਿਹਾ ਸੀ। ਆਦਮ ਦੀ ਬੰਸਾਵਲੀ ਦਾ ਅੰਤਿਮ ਬਿਆਨ ਦੇ ਨਾਲ ਸਮਾਪਤ ਹੁੰਦਾ ਹੈ ਜੋ ਅਧਿਆਇ ਵਿਚ ਬਾਰ ਬਾਰ ਦੁਹਰਾਇਆ ਜਾਂਦਾ ਹੈ: **ਤਾਂ ਉਹ ਮਰ ਗਿਆ (**ਵੇਖੋ 5:8, 11, 14, 17, 20, 27, 31)। ਇਹ ਖ਼ਤਰਨਾਕ ਮੌਤ ਦੀ ਘੰਟੀ ਵੱਜਣਾ ਇਸ ਤੱਥ ਦੀ ਯਾਦ ਦਿਵਾਉਂਦੀ ਹੈ ਕਿ "ਇਸੇ ਤਰ੍ਹਾਂ ਮੌਤ ਸਭਨਾਂ ਮਨੁੱਖਾਂ ਵਿੱਚ ਫੈਲਰ ਗਈ ਏਸ ਲਈ ਜੋ ਸਭਨਾਂ ਨੇ ਪਾਪ ਕੀਤਾ" (ਰੋਮੀਆਂ 5:12)।

ਬੰਸਾਵਲੀ ਦੇ ਰਿਕਾਰਡ ਮਨੁੱਖ ਜਾਤੀ ਦੇ ਪੁਰਖਿਆਂ ਦੀ ਇੱਕ ਸਟੀਕ ਸੂਚੀ ਦਿੰਦੇ ਹਨ, ਜੋ ਉਨ੍ਹਾਂ ਦੇ ਬੱਚਿਆਂ ਦੇ ਜਨਮ ਦੇ ਸਮੇਂ ਅਤੇ ਉਨ੍ਹਾਂ ਦੇ ਮਰ ਜਾਣ ਤੋਂ ਬਾਅਦ ਉਨ੍ਹਾਂ ਦੀ ਉਮਰ ਨਿਰਧਾਰਤ ਕਰਦੇ ਹਨ। ਬਾਈਬਲ ਵਿਚ ਬੰਸਾਵਲੀਆਂ ਦੀ ਤੁਲਨਾ ਇਹ ਦੱਸਦੀ ਹੈ ਕਿ ਨਾਵਾਂ ਦੀ ਸੰਖਿਆ ਅਕਸਰ ਚੋਣ ਕੀਤੇ ਜਾਣ ਯੋਗ ਹੁੰਦੀ ਹੈ, ਜਿਨ੍ਹਾਂ ਵਿਚ ਸਭ ਤੋਂ ਮਹੱਤਵਪੂਰਣ ਲੋਕ ਸ਼ਾਮਲ ਹਨ। ਇਸ ਦਾ ਅਰਥ ਇਹ ਹੈ ਕਿ ਕਿਸੇ ਖਾਸ ਬੰਸਾਵਲੀ ਨੂੰ ਪੂਰਣ ਤੋਂ ਵਧੀਕ ਪ੍ਰਤੀਨਿਧੀ ਦੇ ਰੂਪ ਵਿਚ ਵੇਖਿਆ ਜਾ ਸਕਦਾ ਹੈ।

### ਸੇਥ ਤੋਂ ਹਨੋਕ (5:6-20)

**6ਸੇਥ ਇੱਕ ਸੌ ਪੰਜਾਹਾਂ ਵਰਿਹਾਂ ਦਾ ਸੀ ਤਾਂ ਉਸ ਤੋਂ ਅਨੋਸ਼ ਜੰਮਿਆ। 7ਅਤੇ ਅਨੋਸ਼ ਦੇ ਜੰਮਣ ਦੇ ਪਿੱਛੋਂ ਸੇਥ ਅੱਠ ਸੌ ਸੱਤ ਵਰਿਹਾਂ ਤੀਕ ਜੀਉਂਦਾ ਰਿਹਾ ਅਤੇ ਉਸ ਤੋਂ ਪੁੱਤ੍ਰ ਧੀਆਂ ਜੰਮੇ।**

**8ਸੇਥ ਦੀ ਸਾਰੀ ਉਮਰ ਨੌ ਸੌ ਬਾਰਾਂ ਵਰਿਹਾਂ ਦੀ ਸੀ ਤਾਂ ਉਹ ਮਰ ਗਿਆ। 9ਅਨੋਸ਼ ਨੱਵੇ ਵਰਿਹਾਂ**
**ਦਾ ਸੀ ਤਾਂ ਉਸ ਤੋਂ ਕੇਨਾਨ ਜੰਮਿਆ। 10ਅਤੇ ਕੇਨਾਨ ਦੇ ਜੰਮਣ ਦੇ ਪਿੱਛੋਂ ਅਨੋਸ਼ ਅੱਠ ਸੌ ਪੰਦਰਾਂ**
**ਵਰਿਹਾਂ ਤੀਕ ਜੀਉਂਦਾ ਰਿਹਾ ਅਤੇ ਉਸ ਤੋਂ ਪੁੱਤ੍ਰ ਧੀਆਂ ਜੰਮੇ। 11ਅਨੋਸ਼ ਦੀ ਸਾਰੀ ਉਮਰ ਨੌ ਸੌ**
**ਪੰਜ ਵਰਿਹਾਂ ਦੀ ਸੀ ਤਾਂ ਉਹ ਮਰ ਗਿਆ। 12ਕੇਨਾਨ ਸੱਤਰ ਵਰਿਹਾਂ ਦਾ ਸੀ ਤਾਂ ਉਸ ਤੋਂ**
**ਮਹਲਲੇਲ ਜੰਮਿਆ। 13ਅਤੇ ਮਹਲਲੇਲ ਦੇ ਜੰਮਣ ਦੇ ਪਿੱਛੋਂ ਕੇਨਾਨ ਅੱਠ ਸੌ ਚਾਲੀ ਵਰਿਹਾਂ ਤੀਕ**
**ਜੀਉਂਦਾ ਰਿਹਾ ਅਤੇ ਉਸ ਤੋਂ ਪੁੱਤ੍ਰ ਧੀਆਂ ਜੰਮੇ। 14ਕੇਨਾਨ ਦੀ ਸਾਰੀ ਉਮਰ ਨੌ ਸੌ ਦਸਾਂ ਵਰਿਹਾਂ**
**ਦੀ ਸੀ ਤਾਂ ਉਹ ਮਰ ਗਿਆ। 15ਮਹਲਲੇਲ ਪਹਿੰਟਾਂ ਵਰਿਹਾਂ ਦਾ ਸੀ ਤਾਂ ਉਸ ਤੋਂ ਯਰਦ ਜੰਮਿਆ।**
**16ਅਤੇ ਯਰਦ ਦੇ ਜੰਮਣ ਦੇ ਪਿੱਛੋਂ ਮਹਲਲੇਲ ਅੱਠ ਸੌ ਤੀਹ ਵਰਿਹਾਂ ਤੀਕ ਜੀਉਂਦਾ ਰਿਹਾ ਅਤੇ**
**ਉਸ ਤੋਂ ਪੁੱਤ੍ਰ ਧੀਆਂ ਜੰਮੇ। 17ਮਹਲਲੇਲ ਦੀ ਸਾਰੀ ਉਮਰ ਅੱਠ ਸੌ ਪਚਾਨਵੇਂ ਵਰਿਹਾਂ ਦੀ ਸੀ ਤਾਂ**
**ਉਹ ਮਰ ਗਿਆ। 18ਯਰਦ ਇੱਕ ਸੌ ਬਾਹਟਾਂ ਵਰਿਹਾਂ ਦਾ ਸੀ ਤਾਂ ਉਸ ਤੋਂ ਹਨੋਕ ਜੰਮਿਆ। 19ਅਤੇ**
**ਹਨੋਕ ਦੇ ਜੰਮਣ ਦੇ ਪਿੱਛੋਂ ਯਰਦ ਅੱਠ ਸੌ ਵਰਿਹਾਂ ਤੀਕ ਜੀਉਂਦਾ ਰਿਹਾ ਅਤੇ ਉਸ ਤੋਂ ਪੁੱਤ੍ਰ ਧੀਆਂ**
**ਜੰਮੇ। 20ਯਰਦ ਦੀ ਸਾਰੀ ਉਮਰ ਨੌ ਸੌ ਬਾਹਟਾਂ ਵਰਿਹਾਂ ਦੀ ਸੀ ਤਾਂ ਉਹ ਮਰ ਗਿਆ।**

**ਆਇਤਾਂ 6-20. ਸੇਥ** ਅਤੇ **ਅਨੋਸ਼** ਨੂੰ ਛੱਡ ਕੇ, ਜੋ 4:25, 26 ਦੇ ਖਾਤੇ ਵਿਚ ਆਉਂਦੇ ਹਨ, ਆਦਮ ਦੀ ਸੰਤਾਨ, ਜਿਵੇਂ **ਕੇਨਾਨ** (5:9), **ਮਹਲਲੇਲ** (5:12; ਜਾਂ "ਮਹਲਲੀਲ"), ਅਤੇ **ਯਰਦ** (5:15) ਆਦਮ ਦੀ ਸੰਤਾਨ ਦੇ ਵਿਸ਼ੇ ਵਿਚ ਬਹੁਤ ਹੀ ਘੱਟ ਜਾਣਿਆ ਜਾ ਸਕਦਾ ਹੈ। ਇਹ ਵਿਅਕਤੀ ਸਿਰਫ ਦੋ ਵਾਰ ਜਾਂ ਉਸ ਤੋਂ ਵਧੇਰੇ ਵਾਰ ਲਿਖਤਾਂ ਵਿਚ ਆਉਂਦੇ ਹਨ, 1 ਇਤਹਾਸ ਦੀ ਬੰਸਾਵਲੀ ਵਿਚ (1 ਇਤਹਾਸ 1:1, 2) ਅਤੇ ਲੂਕਾ ਵਿਚ ਯਿਸੂ ਦੀ ਬੰਸਾਵਲੀ ਵਿਚ (ਲੂਕਾ 3:37, 38)।[3] ਕਇਨ ਦੀ ਪੀੜ੍ਹੀ ਵਿਚ ਉਲੇਖ ਕੀਤੇ ਕੁਝ ਲੋਕਾਂ ਦੇ ਵਾਂਗ, ਇਹ ਸਿਰਫ ਗੁਪਤ ਲਿੰਕ ਹਨ; ਪਰ, ਇਹ ਲੋਕ ਅਬਰਾਹਾਮ ਨੂੰ ਅਤੇ ਅੰਤ ਵਿਚ ਅਬਰਾਹਾਮ ਦੀ ਮਹਾਨ ਸੰਤਾਨ ਯਿਸੂ ਨੂੰ ਸੰਸਾਰ ਵਿਚ ਲਿਆਉਣ ਦੀ ਪਰਮੇਸ਼ੁਰ ਦੀ ਯੋਜਨਾ ਵਿਚ ਅੱਗੇ ਵੱਧਦੇ ਹਨ, ਜਿਸ ਦੇ ਦੁਆਰਾ ਸਾਰਾ ਸੰਸਾਰ ਅਸੀਸ ਪਾ ਸਕਦਾ ਹੈ (12:3)।

## ਹਨੋਕ ਤੋਂ ਨੂਹ ਤੱਕ ਬੰਸਾਵਲੀ (5:21-32)

### ਹਨੋਕ ਤੋਂ ਮਥੂਸਲਹ (5:21-24)

**21ਹਨੋਕ ਪਹਿੰਟਾਂ ਵਰਿਹਾਂ ਦਾ ਸੀ ਤਾਂ ਉਸ ਤੋਂ ਮਥੂਸਲਹ ਜੰਮਿਆ। 22ਅਤੇ ਮਥੂਸਲਹ ਦੇ**
**ਜੰਮਣ ਦੇ ਪਿੱਛੋਂ ਹਨੋਕ ਤਿੰਨ ਸੌ ਵਰਿਹਾਂ ਤੀਕ ਪਰਮੇਸ਼ੁਰ ਦੇ ਸੰਗ ਚਲਦਾ ਰਿਹਾ ਅਤੇ ਉਸ ਤੋਂ**
**ਪੁੱਤ੍ਰ ਧੀਆਂ ਜੰਮੇ। 23ਹਨੋਕ ਦੀ ਸਾਰੀ ਉਮਰ ਤਿੰਨ ਸੌ ਪਹਿੰਟਾਂ ਵਰਿਹਾਂ ਦੀ ਸੀ। 24ਹਨੋਕ**
**ਪਰਮੇਸ਼ੁਰ ਦੇ ਸੰਗ ਚਲਦਾ ਚਲਦਾ ਅਲੋਪ ਹੋ ਗਿਆ ਕਿਉਂਜੋ ਪਰਮੇਸ਼ੁਰ ਨੇ ਉਸ ਨੂੰ ਲੈ ਲਿਆ।**

**ਆਇਤਾਂ 21, 22. ਹਨੋਕ**, ਸੇਥ ਦੀ ਬੰਸਾਵਲੀ ਵਿਚ ਸੱਤਵੇਂ ਸਥਾਨ ਤੇ ਸੀ, ਜੋ ਇਹ ਵਿਚਾਰ ਦਿੰਦਾ ਹੈ ਕਿ ਉਹ ਪਰਮੇਸ਼ੁਰ ਦੀ ਯੋਜਨਾ ਵਿਚ ਵਿਸ਼ੇਸ਼ ਤੌਰ ਤੇ ਮਹੱਤਵਪੂਰਣ ਸੀ। ਨਵੇਂ ਨੇਮ ਵਿਚ, ਉਸ ਨੂੰ "ਆਦਮ ਤੋਂ ਸੱਤਵੀਂ ਪੀਹੜੀ" ਦਾ ਕਿਹਾ ਜਾਂਦਾ ਹੈ (ਯਹੂਦਾਹ 14; NIV)।

ਪੁਰਾਤਨ ਪੂਰਵਜਾਂ ਵਿਚੋਂ ਸਿਰਫ ਹਨੋਕ ਹੀ ਹੈ ਜਿਸ ਦੇ ਵਿਸ਼ੇ ਵਿਚ ਕਿਹਾ ਗਿਆ ਹੈ ਕਿ ਉਹ ਮਰਿਆ ਨਹੀਂ ਹੈ। ਇਸ ਦਾ ਇੱਕ ਕਾਰਣ ਇਹ ਹੋ ਸਕਦਾ ਹੈ ਕਿ ਉਹ **ਮਥੂਸਲਹ ਦੇ ਜੰਮਣ ਦੇ ਪਿੱਛੋਂ ਹਨੋਕ ਤਿੰਨ ਸੌ ਵਰਿਹਾਂ ਤੀਕ ਪਰਮੇਸ਼ੁਰ ਦੇ ਸੰਗ ਚਲਦਾ ਰਿਹਾ**। ਸੇਥ ਦੀਆਂ ਹੋਰ ਸੰਤਾਨਾਂ ਤੋਂ ਉਲਟ ਜਿਨ੍ਹਾਂ ਨੇ ਇੱਕ ਬੱਚੇ ਦੇ ਜਨਮ ਨੂੰ ਸਿਰਫ ਇੱਕ ਮਨੁੱਖੀ ਕਿਰਿਆ ਦੀ

ਕੁਦਰਤੀ ਪ੍ਰਕਿਰਿਆ ਦਬ ਕੁਦਰਤੀ ਸਿੱਟੇ ਦੇ ਰੂਪ ਵਿਚ ਵੇਖਿਆ ਹੋਵੇ, ਇਸ ਲਿਖਤ ਤੋਂ ਇਹ ਸੰਕੇਤ ਮਿਲਦਾ ਹੈ ਕਿ ਹਨੋਕ ਸਮਝ ਗਿਆ ਸੀ ਕਿ ਪਰਮੇਸ਼ੁਰ ਦੇ ਜੀਵਨ ਦੇਣ ਵਾਲੇ ਹੱਥ ਨੇ ਉਸ ਨੂੰ ਅਤੇ ਉਸ ਦੀ ਪਤਨੀ ਨੂੰ ਇੱਕ ਨਵੇਂ ਜਨਮੇ ਬੱਚੇ ਦੇ ਨਾਲ ਅਸੀਸ ਦਿੱਤੀ ਸੀ (4:1 ਦੇ ਵਿਸ਼ੇ ਵਿਚ ਟਿੱਪਣੀਆਂ ਵੇਖੋ)। ਸ਼ਾਇਦ ਇਸੇ ਕਾਰਣ ਉਹ "ਪਰਮੇਸ਼ੁਰ ਦੇ ਸੰਗ ਚਲਦਾ ਰਿਹਾ।" ਉਹ ਬਹੁਤ ਸਾਰੇ ਮਾਪਿਆਂ ਦੇ ਵਾਂਗ ਹੋ ਸਕਦਾ ਹੈ ਜੋ, ਬੱਚੇ ਦੇ ਜਨਮ ਦੇ ਨਾਲ ਹੀ ਅਚਾਨਕ ਹੀ ਆਪਣੇ ਜੀਵਨਾਂ ਵਿਚ ਆਤਮਿਕ ਸੰਬੰਧ ਦੀ ਲੋੜ ਨੂੰ ਮਹਿਸੂਸ ਕਰਦੇ ਹਨ ਕਿਉਂਕਿ ਉਹ ਇਸ ਸੰਬੰਧ ਦੇ ਦੁਆਰਾ ਆਪਣੇ ਬੱਚਿਆਂ ਦੇ ਲਈ ਇੱਕ ਉਦਾਹਰਣ ਸਥਾਪਤ ਕਰਨ ਦੀ ਜ਼ਿੰਮੇਵਾਰੀ ਨੂੰ ਮਹਿਸੂਸ ਕਰਦੇ ਹਨ। ਵਜਾਹ ਭਾਵੇਂ ਕੁਝ ਵੀ ਹੋਵੇ, ਪਰ ਮਹੱਤਵਪੂਰਣ ਬਿਆਨ ਇਹ ਹੈ ਕਿ ਹਨੋਕ ਨੇ ਪਰਮੇਸ਼ੁਰ ਦੇ ਨਾਲ ਨਾਲ ਚੱਲਣਾ ਸ਼ੁਰੂ ਕਰ ਦਿੱਤਾ।

"ਪਰਮੇਸ਼ੁਰ ਦੇ ਸੰਗ ਚਲਦਾ ਰਿਹਾ" ਦਾ ਪਰਗਟਾਵਾ ਸਧਾਰਣ ਹੈ, ਅਤੇ ਇਸ ਦਾ ਸਹੀ ਅਰਥ ਸਪੱਸ਼ਟ ਨਹੀਂ ਹੈ। ਵਚਨ ਵਿਚ ਸਿਰਫ ਇੱਕ ਹੋਰ ਸਥਾਨ ਹੈ ਜਿੱਥੇ ਇਹ ਸਟੀਕ ਇਬਰਾਨੀ ਸ਼ਬਦਾਵਲੀ ਨੂਹ ਦੇ ਸੰਬੰਧ ਵਿਚ ਪਾਈ ਜਾਂਦੀ ਹੈ, ਜਿਸ ਦੇ ਬਾਰੇ ਕਿਹਾ ਜਾਂਦਾ ਹੈ ਕਿ ਉਹ "ਪਰਮੇਸ਼ੁਰ ਦੇ ਨਾਲ ਨਾਲ ਚਲਦਾ ਸੀ" (6:9)।[4] ਉਸ ਪ੍ਰਸੰਗ ਵਿਚ, ਉਸ ਦਾ ਵਰਣਨ ਇਸ ਪ੍ਰਕਾਰ ਕੀਤਾ ਗਿਆ ਹੈ "ਨੂਹ ਇੱਕ ਧਰਮੀ ਮਨੁੱਖ ਸੀ ਅਤੇ ਆਪਣੀ ਪੀੜ੍ਹੀ ਵਿੱਚ ਸੰਪੂਰਨ ਸੀ।" ਨਿਰਦੋਸ਼ ਹੋਣ ਦਾ ਅਰਥ ਇਹ ਨਹੀਂ ਸੀ ਕਿ ਨੂਹ ਪਾਪਰਹਿਤ ਸੀ, "ਕਿਉਂਕਿ ਸਭਨਾਂ ਨੇ ਪਾਪ ਕੀਤਾ ਅਤੇ ਪਰਮੇਸ਼ੁਰ ਦੇ ਪਰਤਾਪ ਤੋਂ ਰਹਿ ਗਏ ਹਨ" (ਰੋਮੀਆਂ 3:23)। ਫਿਰ ਵੀ, ਇੰਞ ਜਾਪਦਾ ਹੈ ਕਿ ਹਨੋਕ ਅਤੇ ਨੂਹ ਦੋਵੇਂ ਵਿਸ਼ਵਾਸੀ ਆਦਮੀ ਸਨ (ਇਬਰਾਨੀਆਂ 11:5, 7) ਜੋ "ਅਧੀਨ ਹੋ ਕੇ" ਪਰਮੇਸ਼ੁਰ ਦੇ ਨਾਲ ਚੱਲਦੇ ਸਨ (ਮੀਕਾਹ 6:8; ਵੇਖੋ ਮੱਤੀ 23:23)। ਹਨੋਕ, ਨੂਹ, ਅਤੇ ਹੋਰ ਲੋਕ ਜੋ "ਪਰਮੇਸ਼ੁਰ ਦੇ ਨਾਲ ਨਾਲ ਚੱਲਦੇ ਸਨ" ਉਨ੍ਹਾਂ ਨੇ ਆਪਣੇ ਦਿਲਾਂ ਨੂੰ ਉਸ ਦੇ ਪ੍ਰਤਿ ਸਮਰਪਿਤ ਕਰ ਦਿੱਤਾ ਸੀ ਅਤੇ ਉਹ ਪਰਮੇਸ਼ੁਰ ਨੂੰ ਖੁਸ਼ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਆਪਣੇ ਜੀਵਨਾਂ ਵਿਚ ਜ਼ਰੂਰ ਉਸ ਦੇ ਨਾਲ ਅਰਾਧਨਾ ਦੇ ਇੱਕ ਨਜ਼ਦੀਕੀ, ਵਿਅਕਤੀਗਤ ਸੰਬੰਧ ਅਤੇ ਪਰਸਪਰ ਗੱਲਾਂ ਬਾਤਾਂ ਦਾ ਅਨੰਦ ਮਾਣਿਆ ਹੋਵੇਗਾ।

**ਆਇਤ 23. ਹਨੋਕ** ਕੁਲ **ਤਿੰਨ ਸੌ** ਪਹਿੰਟ **ਵਰ੍ਹੇ ਧਰਤੀ ਤੇ ਜੀਉਂਦਾ ਰਿਹਾ**। ਉਸ ਦੇ ਜੀਵਨ ਦੇ ਸਾਲਾਂ ਦੀ ਸੰਖਿਆ ਇੱਕ ਸੂਰਜੀ ਸਾਲ ਵਿਚਲੇ ਦਿਨਾਂ ਦੀ ਸੰਖਿਆ ਦੇ ਅਨੁਰੂਪ ਹੈ। ਇਸਲਈ, ਕਈ ਲੋਕਾਂ ਨੇ ਹਨੋਕ ਦੇ ਜੀਵਨਕਾਲ ਨੂੰ ਇੱਕ ਸੰਪੂਰਨ ਜੀਵਨ ਦੇ ਪ੍ਰਤੀਕ ਵਜੋਂ ਮੰਨਿਆ ਹੈ। ਭਾਵੇਂ ਧਰਤੀ ਉੱਤੇ ਹਨੋਕ ਦੇ ਸਾਲ ਉਸ ਦੇ ਸਮਕਾਲੀ ਲੋਕਾਂ ਦੇ ਜੀਵਨ ਨਾਲੋਂ ਅੱਧੇ ਤੋਂ ਵੀ ਘੱਟ ਸਨ, ਪਰ ਉਸ ਨੇ ਪਰਮੇਸ਼ੁਰ ਦੇ ਨਾਲ ਮੇਲ-ਮਿਲਾਪ ਵਿਚ ਇੱਕ ਸੰਪੂਰਣ ਜੀਵਨ ਨੂੰ ਮਾਣਿਆ।

**ਆਇਤ 24.** ਲਿਖਤ ਇਸ ਤੱਥ ਨੂੰ ਦੁਹਰਾਉਂਦੀ ਹੈ ਕਿ **ਹਨੋਕ ਪਰਮੇਸ਼ੁਰ ਦੇ ਸੰਗ ਚਲਦਾ ਚਲਦਾ** (ਵੇਖੋ 5:22) ਤਾਂ ਕਿ ਉਸਦੇ ਧਰਮੀ ਚਰਿੱਤਰ ਤੇ ਜ਼ੋਰ ਦੇਵੇ। ਇਹ ਬਿਆਨ ਕਿ **ਹੋਊਗਾ ਹੀ ਨਾ** (וְאֵינֶנּוּ, *ਏਨੈਨੂ*) ਪੁਰਾਣੇ ਨੇਮ ਵਿਚ ਕਈ ਵਾਰ ਮੌਤ ਦੇ ਲਈ ਮਧੁਰ ਭਾਸ਼ਣ ਦੇ ਰੂਪ ਵਿਚ ਇਸਤੇਮਾਲ ਕੀਤਾ ਜਾਂਦਾ ਹੈ (ਵੇਖੋ ਅੱਯੂਬ 7:21; 8:22; ਜ਼ਬੂਰਾਂ 39:13 [14]; 103:16)। ਮੱਧ ਯੁੱਗ ਦੀ ਯਹੂਦੀ ਟੀਕਾਕਾਰ ਰਾਸ਼ੀ ਨੇ ਕਿਹਾ ਕਿ ਪਰਮੇਸ਼ੁਰ ਨੇ ਹਨੋਕ ਨੂੰ ਪਾਪ ਤੋਂ ਬਚਾਉਣ ਦੇ ਲਈ ਉਸ ਨੂੰ ਸਮੇਂ ਤੋਂ ਪਹਿਲਾਂ ਮਰਨ ਦਿੱਤਾ।[5] ਪਰ, ਇੱਥੇ ਇਹ ਅਰਥ ਨਹੀਂ ਹੋ ਸਕਦਾ ਹੈ ਕਿਉਂਕਿ ਇਹ ਆਮ ਵਾਕ ਦੇ ਉਲਟ ਹੈ "ਤਾਂ ਉਹ ਮਰ ਗਿਆ," ਜੋ ਅਧਿਆਇ 5 ਵਿਚ ਸੂਚੀਬੱਧ ਬਾਕੀ ਸਾਰੇ ਮਨੁੱਖਾਂ, ਆਦਮ ਤੋਂ ਨੂਹ ਤੱਕ ਦੇ ਬਿਰਤਾਂਤਾਂ ਦੀ ਵਿਸ਼ੇਸ਼ਤਾ ਹੈ। ਹਨੋਕ ਨੂੰ ਇਸ ਸਮੇਂ ਦੇ ਇੱਕ ਅਜਿਹੇ ਵਿਅਕਤੀ ਦੇ ਰੂਪ ਵਿਚ ਦਰਸਾਇਆ ਗਿਆ ਹੈ ਜਿਸਦਾ ਹਿੱਸਾ ਆਦਮ ਦੀ ਕਿਸਮਤ ਵਿਚ ਨਹੀਂ ਸੀ: ". . . ਤੂੰ ਜ਼ਰੂਰ ਮਰੇਂਗਾ" (2:17). ਇਸ ਦੀ ਬਜਾਇ, ਉਹ ਆਪਣੇ

ਚਾਰੇ ਪਾਸੇ ਘਿਰੀ ਮੌਤ ਦੀ ਭਿਆਨਕ ਸਜ਼ਾ ਦੇ ਵਿਚ ਰਹਿੰਦਾ ਸੀ।

ਪਰਮੇਸ਼ੁਰ ਦੇ ਨਾਲ ਹਨੋਕ ਦੇ ਰਿਸ਼ਤੇ ਦੀ ਗੁਣਵੱਤਾ ਸਪੱਸ਼ਟ ਤੌਰ ਤੇ ਇੰਨੀ ਗੂੜ੍ਹੀ ਸੀ ਕਿ ਪ੍ਰਭੂ ਨੇ ਮੌਤ ਦੀ ਸਜ਼ਾ ਨੂੰ ਮੁਅੱਤਲ ਕਰਕੇ ਬਸ **ਉਸ ਨੂੰ** ਆਪਣੀ ਨਜ਼ਦੀਕੀ ਦੇ ਵਿਚ **ਲੈ ਲਿਆ**।[6] ਇਬਰਾਨੀਆਂ ਦਾ ਲੇਖਕ ਕਹਿੰਦਾ ਹੈ, "ਨਿਹਚਾ ਨਾਲ ਹਨੋਕ ਉਤਾਹਾਂ ਚੁੱਕਿਆ ਗਿਆ ਭਈ ਮੌਤ ਨਾ ਵੇਖੇ ਅਤੇ ਉਹ ਦਾ ਪਤਾ ਨਾ ਲੱਗਾ ਇਸ ਲਈ ਜੋ ਪਰਮੇਸ਼ੁਰ ਨੇ ਉਹ ਨੂੰ ਉਤਾਹਾਂ ਚੁੱਕ ਲਿਆ ਕਿਉਂ ਜੋ ਉਹ ਦੇ ਉਤਾਹਾਂ ਚੁੱਕੇ ਜਾਣ ਤੋਂ ਪਹਿਲਾਂ ਇਹ ਸਾਖੀ ਦਿੱਤੀ ਗਈ ਸੀ ਭਈ ਉਹ ਪਰਮੇਸ਼ੁਰ ਦੇ ਮਨ ਭਾਉਂਦਾ ਹੈ" (ਇਬਰਾਨੀਆਂ 11:5)। ਭਾਵੇਂ ਉਤਪਤ ਅਧਿਆਇ 5 ਵਿਚ ਬਹੁਤ ਸਾਰੇ ਲੋਕਾਂ ਦਾ ਜ਼ਿਕਰ ਕੀਤਾ ਗਿਆ ਹੈ ਜੋ ਜਲ ਪਰਲੋ ਤੋਂ ਪਹਿਲਾਂ ਲੰਬੇ ਸਮੇਂ ਤੱਕ ਜੀਉਂਦੇ ਰਹੇ ਸਨ, ਪਰ ਹਨੋਕ ਦੀ ਕਹਾਣੀ ਸ਼ਾਇਦ ਇੱਥੇ ਇਸ ਲਈ ਪਾਈ ਗਈ ਹੈ ਤਾਂ ਕਿ ਉਸ ਤੋਂ ਵੀ ਵੱਡੀ ਇੱਕ ਅਸੀਸ ਵੱਲ ਧਿਆਨ ਖਿੱਚਿਆ ਜਾ ਸਕੇ। ਮਨੁੱਖ ਦਾ ਸਭ ਤੋਂ ਮਹੱਤਵਪੂਰਣ ਤਜ਼ਰਬਾ ਧਰਤੀ ਉੱਤਲੇ ਸਰੀਰਕ ਜੀਵਨ ਦੀ ਲੰਬਾਈ ਨਹੀਂ ਹੈ, ਸਗੋਂ ਜੀਵਨ ਦੀ ਆਤਮਿਕ ਗੁਣਵੱਤਾ ਹੈ ਜੋ ਪਰਮੇਸ਼ੁਰ ਦੀ ਅਨੰਤ ਹਜ਼ੂਰੀ ਵੱਲ ਸਾਡੀ ਅਗਵਾਈ ਕਰਦੀ ਹੈ।

ਸਿਰਫ ਇੱਕ ਹੋਰ ਆਦਮੀ ਜੋ ਮੌਤ ਦਾ ਸੁਆਦ ਚੱਖੇ ਬਿਨਾਂ ਸਵਰਗ ਵਿਚ ਚੁੱਕਿਆ ਗਿਆ ਸੀ ਉਹ ਨਬੀ ਏਲੀਯਾਹ ਸੀ (2 ਰਾਜਿਆਂ 2:1, 11)। ਪਰਮੇਸ਼ੁਰ ਨੇ ਇਨ੍ਹਾਂ ਦੋ ਮਾਮਲਿਆਂ ਵਿਚ ਮੌਤ ਦੀ ਸਜ਼ਾ ਨੂੰ ਮਾਫ਼ ਕਰ ਦਿੱਤਾ, ਸ਼ਾਇਦ ਉਸ ਸਮੇਂ ਦੇ ਪੂਰਵਗਾਮੀ ਦੇ ਰੂਪ ਵਿਚ ਜਦੋਂ ਮਸੀਹ ਯਿਸੂ ਦੇ ਰਾਹੀਂ "ਮੌਤ ਫਤਹ ਦੀ ਬੁਰਕੀ ਹੋ ਗਈ" (1 ਕੁਰਿੰਥੀਆਂ 15:54)।

### ਮਥੂਸਲਹ ਤੋਂ ਲਾਮਕ (5:25-27)

**[25]ਮਥੂਸਲਹ ਇੱਕ ਸੌ ਸਤਾਸੀਆਂ ਵਰਿਹਾਂ ਦਾ ਸੀ ਤਾਂ ਉਸ ਤੋਂ ਲਾਮਕ ਜੰਮਿਆ। [26]ਅਤੇ ਲਾਮਕ ਦੇ ਜੰਮਣ ਦੇ ਪਿੱਛੋਂ ਮਥੂਸਲਹ ਸੱਤ ਸੌ ਬਿਆਸੀ ਵਰਿਹਾਂ ਤੀਕ ਜੀਉਂਦਾ ਰਿਹਾ ਅਤੇ ਉਸ ਤੋਂ ਪੁੱਤ੍ਰ ਧੀਆਂ ਜੰਮੇ। [27]ਮਥੂਸਲਹ ਦੀ ਸਾਰੀ ਉਮਰ ਨੌ ਸੌ ਉਨਹੱਤਰਾਂ ਵਰਿਹਾਂ ਦੀ ਸੀ ਤਾਂ ਉਹ ਮਰ ਗਿਆ।**

**ਆਇਤਾਂ 25-27. ਮਥੂਸਲਹ** ਦੇ ਵਿਸ਼ੇ ਵਿਚ ਸਭ ਤੋਂ ਵਧੀਆ ਤੱਥ ਇਹ ਹੈ ਕਿ ਉਹ ਹੋਰ ਕਿਸੇ ਵੀ ਗਿਆਤ ਵਿਅਕਤੀ ਤੋਂ ਵਧੇਰੇ ਸਮੇਂ ਦੇ ਲਈ ਜੀਉਂਦਾ ਰਿਹਾ - **ਨੌ ਸੌ** ਉਨਹੱਤਰ ਵਰ੍ਹੇ। ਇਸ ਗੱਲ ਨੂੰ ਸਮਝਾਇਆ ਨਹੀਂ ਗਿਆ ਹੈ ਕਿ ਸੂਚੀ ਵਿਚ ਉਸ ਦਾ ਜੀਵਨ ਕਾਲ ਸਭ ਤੋਂ ਲੰਬਾ ਕਿਉਂ ਸੀ - ਜਦਕਿ ਉਸ ਦੇ ਪਿਤਾ ਹਨੋਕ ਦਾ ਜੀਵਨ ਕਾਲ ਸਭ ਤੋਂ ਛੋਟਾ ਸੀ। "ਮਥੂਸਲਹ" ਨਾਮ ਦਾ ਅਰਥ ਵਿਵਾਦ ਭਰਿਆ ਹੈ, ਕੁਝ ਲੋਕ ਬਹਿਸ ਕਰਦੇ ਹਨ ਕਿ ਇਸ ਦਾ ਸੰਬੰਧ ਨਰਕ ਦੇ ਕਨਾਨੀ ਦੇਵਤੇ ਦੇ ਨਾਲ ਹੈ; ਪਰ ਜਦਕਿ ਇਸ ਦਾ ਅਰਥ "ਭਾਲੇ ਦਾ ਪੁੱਤਰ" ਹੈ।[7]

ਬਾਈਬਲ ਦੇ ਲੇਖਕ ਨੇ, ਉਨ੍ਹਾਂ ਦੇ ਜੀਵਨਾਂ ਦੇ ਵੱਖ ਵੱਖ ਨਤੀਜਿਆਂ ਤੇ ਵਿਚਾਰ ਕਰਨ ਤੋਂ ਬਾਅਦ ਇਸ ਗੱਲ ਤੇ ਜ਼ੋਰ ਦਿੱਤਾ ਕਿ ਪਿਤਾ (ਹਨੋਕ), ਦੂਸਰਿਆਂ ਦੀ ਤੁਲਨਾ ਵਿਚ ਸਭ ਤੋਂ ਛੋਟਾ ਜੀਵਨ ਗੁਜ਼ਾਰ ਕੇ, ਪਰਮੇਸ਼ੁਰ ਦੇ ਕੋਲ ਚੁੱਕ ਲਿਆ ਗਿਆ, ਜਦਕਿ ਉਸ ਦਾ ਪੁੱਤਰ (ਮਥੂਸਲਹ) ਜਿਸ ਨੇ ਬੰਸਾਵਲੀ ਵਿਚਲੇ ਸਾਰੇ ਲੋਕਾਂ ਤੋਂ ਲੰਬਾ ਜੀਵਨ ਬਿਤਾਇਆ ਆਖਿਰਕਾਰ ਮੌਤ ਦੇ ਵੱਸ ਵਿਚ ਪੈ ਗਿਆ ਸੀ। ਆਖਰੀ ਵਿਸ਼ਲੇਸ਼ਣ ਵਿਚ, ਇਹ ਮਹੱਤਵਪੂਰਣ ਨਹੀਂ ਹੈ ਕਿ ਕੋਈ ਵਿਅਕਤੀ ਕਿੰਨਾ ਲੰਮਾ ਜੀਵਨ ਜੀਉਂਦਾ ਹੈ, ਪਰ ਇਹ ਮਹੱਤਵਪੂਰਣ ਹੈ ਕਿ ਉਹ ਕਿੰਨਾ ਵਧੀਆ ਜੀਵਨ ਬਿਤਾਉਂਦਾ ਹੈ; ਅਤੇ ਜੀਵਨ ਦੀ ਗੁਣਵੱਤਤਾ ਇਹ ਨਿਰਧਾਰਤ ਕਰਦੀ ਹੈ ਕਿ ਕੋਈ "ਪਰਮੇਸ਼ੁਰ ਦੇ ਨਾਲ ਚੱਲਦਾ ਹੈ" ਜਾਂ ਨਹੀਂ।

**ਲਾਮਕ ਤੋਂ ਨੂਹ (5:28-32)**

**[28]ਲਾਮਕ ਇੱਕ ਸੌ ਬਿਆਸੀ ਵਰਿਹਾਂ ਦਾ ਸੀ ਤਾਂ ਉਸ ਤੋਂ ਇੱਕ ਪੁੱਤ੍ਰ ਜੰਮਿਆ। [29]ਅਤੇ ਇਹ ਕਹਿਕੇ ਉਸ ਦਾ ਨਾਉਂ ਨੂਹ ਰੱਖਿਆ ਕਿ ਇਹ ਸਾਨੂੰ ਸਾਡੀ ਮਿਹਨਤ ਤੋਂ ਅਰ ਸਾਡੇ ਹੱਥਾਂ ਦੀ ਸਖਤ ਕਮਾਈ ਤੋਂ ਜਿਹੜੀ ਜ਼ਮੀਨ ਦੇ ਕਾਰਨ ਸਾਡੇ ਉੱਤੇ ਆਈ ਹੋਈ ਹੈ ਜਿਸ ਉੱਤੇ ਯਹੋਵਾਹ ਦਾ ਸਰਾਪ ਪਿਆ ਹੋਇਆ ਹੈ ਸ਼ਾਂਤ ਦੇਵੇਗਾ। [30]ਨੂਹ ਦੇ ਜੰਮਣ ਦੇ ਪਿੱਛੋਂ ਲਾਮਕ ਪੰਜ ਸੌ ਪਚਾਨਵੇਂ ਵਰਿਹਾਂ ਤੀਕ ਜੀਉਂਦਾ ਰਿਹਾ ਅਤੇ ਉਸ ਤੋਂ ਪੁੱਤ੍ਰ ਧੀਆਂ ਜੰਮੇ। [31]ਲਾਮਕ ਦੀ ਸਾਰੀ ਉਮਰ ਸੱਤ ਸੌ ਸਤੱਤਰਾਂ ਵਰਿਹਾਂ ਦੀ ਸੀ ਤਾਂ ਉਹ ਮਰ ਗਿਆ। [32]ਨੂਹ ਪੰਜ ਸੌ ਵਰਿਹਾਂ ਦਾ ਸੀ ਤਾਂ ਨੂਹ ਤੋਂ ਸ਼ੇਮ, ਹਾਮ ਤੇ ਯਾਫਥ ਜੰਮੇ।**

**ਆਇਤਾਂ 28, 29.** ਇਹ ਆਇਤ ਇੱਕ ਹੋਰ **ਲਾਮਕ** ਨੂੰ ਪੇਸ਼ ਕਰਦੀ ਹੈ। ਭਾਵੇਂ ਉਸ ਦਾ ਨਾਮ ਕਇਨ ਦੇ ਘਰਾਣੇ ਦੇ ਇੱਕ ਵੰਸ ਦੇ ਨਾਮ ਦੇ ਸਮਾਨ ਹੀ ਨਾਮ ਸੀ (4:18-24), ਪਰ ਉਹ ਇੱਕ ਬਿਲਕੁਲ ਅਲੱਗ ਕਿਸਮ ਦਾ ਵਿਅਕਤੀ ਸੀ। ਦੂਸਰੇ ਲਾਮਕ ਨੇ ਬਦਲੇ ਦੀ ਭਾਵਨਾ ਰੱਖੀ ਅਤੇ ਕਤਲ ਕਰਨ ਵਿਚ ਅਨੰਦਿਤ ਹੋਇਆ, ਜਦਕਿ ਇਹ ਲਾਮਕ ਮਨੁੱਖ ਜਾਤੀ ਦੇ ਇੱਕ ਬੇਹਤਰ ਭਵਿੱਖ ਦੀ ਆਸ ਕਰਦਾ ਹੈ। ਅਸਲ ਵਿਚ, ਅਧਿਆਇ 5 ਵਿਚ ਸਿਰਫ ਲਾਮਕ ਇਕਮਾਤਰ ਪਿਤਾ ਹੈ ਜੋ ਆਪਣੇ ਪੁੱਤਰ ਦੇ ਨਾਮ ਦਾ ਅਰਥ ਦੱਸਦਾ ਹੈ: **ਇਹ ਸਾਨੂੰ ਸਾਡੀ ਮਿਹਨਤ ਤੋਂ ਅਰ ਸਾਡੇ ਹੱਥਾਂ ਦੀ ਸਖਤ ਕਮਾਈ ਤੋਂ ਜਿਹੜੀ ਜ਼ਮੀਨ ਦੇ ਕਾਰਨ ਸਾਡੇ ਉੱਤੇ ਆਈ ਹੋਈ ਹੈ ਜਿਸ ਉੱਤੇ ਯਹੋਵਾਹ ਦਾ ਸਰਾਪ ਪਿਆ ਹੋਇਆ ਹੈ ਸ਼ਾਂਤ ਦੇਵੇਗਾ।** ਨਾਮ "ਨੂਹ" (נֹחַ, *ਨਾਊਚ)* ਇੱਕ ਅਨਿਸ਼ਚਤ ਸ਼ਬਦ-ਵਿਗਿਆਨ ਹੈ। ਆਇਤ 29 ਵਿਚ ਇਹ ਕਿਰਿਆ נחם (*ਨਾਛਮ*) ਦੇ ਨਾਲ ਸ਼ਬਦਾਂ ਦੇ ਇੱਕ ਖੇਡ ਦੇ ਰੂਪ ਵਿਚ ਇਸਤੇਮਾਲ ਕੀਤਾ ਜਾ ਰਿਹਾ ਹੈ, NASB ਇਸ ਦਾ ਅਨੁਵਾਦ "ਆਰਾਮ ਦਿਓ" ਦੇ ਰੂਪ ਵਿਚ ਕਰਦਾ ਹੈ। ਇਸ ਸ਼ਬਦ ਦਾ ਮੂਲ ਅਰਥ "ਆਰਾਮ" (NIV) ਜਾਂ "ਰਾਹਤ ਲਿਆਓ" (NRSV)। ਪਰ, "ਨੂਹ" ਕਿਰਿਆ נוח (*ਨਿਊਇਸ਼*) ਨਾਲ ਹੋਰ ਸਿੱਧੇ ਤੌਰ ਤੇ ਸੰਬੰਧਤ ਹੋ ਸਕਦਾ ਹੈ, ਜਿਸਦਾ ਅਰਥ ਹੈ "ਅਰਾਮ" ਅਤੇ ਜੋ ਜਿੱਤ ਅਤੇ ਮੁਕਤੀ ਦਾ ਪਰਛਾਵਾਂ ਹੈ।[8] ਇਹ ਇਕੋ ਜਿਹੇ ਸ਼ਬਦਾਂ ਦੇ ਕਾਵਿਕ ਉਪਯੋਗ ਦੀ ਇੱਕ ਹੋਰ ਉਦਾਹਰਣ ਹੈ ਜੋ ਇਕੋ ਜਿਹੀ ਆਵਾਜ਼ ਕੱਢਦੇ ਹਨ ਪਰ ਅਸਲ ਵਿਚ ਵੱਖ ਵੱਖ ਜੜ੍ਹਾਂ ਤੋਂ ਪੈਦਾ ਹੁੰਦੇ ਹਨ।

ਜਿਸ ਤਰੀਕੇ ਦੇ ਨਾਲ "ਲਾਮਕ" ਨੇ "ਨੂਹ" ਦੇ ਵਿਸ਼ੇ ਵਿਚ ਬੋਲਿਆ ਸੀ, "ਉਹ [ਜੋ] ਸਾਨੂੰ ਸਾਡੇ ਕੰਮ ਅਤੇ ਹੱਥਾਂ ਦੀ ਮੇਹਨਤ ਤੋਂ ਅਰਾਮ ਦੇਵੇਗਾ," ਇਸ ਦਾ ਅਰਥ ਇਹ ਹੋ ਸਕਦਾ ਹੈ ਕਿ ਪਿਤਾ ਨੇ ਆਪਣੇ ਪੁੱਤਰ ਨੂੰ ਇੱਕ ਦੂਸਰੇ ਆਦਮ ਦੇ ਰੂਪ ਵਿਚ ਵੇਖਿਆ। ਸ਼ਾਇਦ ਉਸ ਨੂੰ ਆਸ ਸੀ ਕਿ ਇਹ ਉਹ ਬੀਜ ਹੋਵੇਗਾ ਜਿਸ ਦਾ ਵਾਇਦਾ ਇਸਤਰੀ ਦੇ ਨਾਲ ਕੀਤਾ ਗਿਆ ਸੀ (3:15) ਜੋ ਕਿਸੇ ਨਾ ਕਿਸੇ ਤਰੀਕੇ ਦੇ ਨਾਲ **ਜ਼ਮੀਨ** ਦੇ ਸਰਾਪ ਨੂੰ ਦੂਰ ਕਰੇਗਾ ਅਤੇ ਉਨ੍ਹਾਂ ਲੋਕਾਂ ਨੂੰ ਰਾਹਤ ਦੇਵੇਗਾ ਜੋ ਜ਼ਮੀਨ ਵਿਚੋਂ ਭੋਜਨ ਪੈਦਾ ਕਰਨ ਦੇ ਲਈ ਸੰਘਰਸ਼ ਕਰਦੇ ਹਨ। ਜੋ ਕੁਝ ਵੀ ਉਹ ਸੋਚ ਰਿਹਾ ਸੀ ਕਿ ਪਰਮੇਸ਼ੁਰ ਮਨੁੱਖ ਦੇ ਲਈ ਕਰ ਸਕਦਾ ਹੈ, ਪਰ ਯਕੀਨਨ ਉਸ ਨੇ ਇਸ ਗੱਲ ਨੂੰ ਨਹੀਂ ਸਮਝਿਆ ਕਿ ਮਨੁੱਖਤਾ ਦੀ ਇੱਕ ਨਵੀਂ ਸ਼ੁਰੂਆਤ ਇੱਕ ਦੁਸ਼ਟ ਅਤੇ ਹਿੰਸਕ ਪੀੜ੍ਹੀ ਨੂੰ ਜਲ ਪਰਲੋ ਦੇ ਦੁਆਰਾ ਨਾਸ ਕਰਕੇ, ਅਤੇ ਨੂਹ ਅਤੇ ਸਿਰਫ ਉਸ ਦੇ ਪਰਿਵਾਰ ਬਚਾਏ ਹੋਇਆਂ ਦੇ ਰੂਪ ਵਿਚ ਨੂੰ ਛੱਡਣ ਦੇ ਦੁਆਰਾ ਹੀ ਹੋ ਸਕਦੀ ਹੈ।

**ਆਇਤਾਂ 30, 31. ਲਾਮਕ ਦੀ ਸਾਰੀ ਉਮਰ ਸੱਤ ਸੌ ਸਤੱਤਰਾਂ ਵਰਿਹਾਂ ਦੀ ਸੀ ਤਾਂ ਉਹ ਮਰ ਗਿਆ।** ਕਿਉਂਕਿ ਉਸ ਦੀ ਉਮਰ ਦਾ ਵਰਣਨ ਕਰਨ ਦੇ ਲਈ "7" ਦੇ ਗੁਣਕਾਂ ਦੀ ਵਰਤੋਂ

ਕੀਤੀ ਗਈ ਹੈ, ਪਾਠਕ ਇਹ ਵੇਖਣ ਦਾ ਇਛੁੱਕ ਹੈ ਕਿ ਕੀ ਨੂਹ ਦੇ ਪਿਤਾ ਨੇ ਪੂਰੀ ਤਰ੍ਹਾਂ ਸੰਪੂਰਣ ਜੀਵਨ ਦਾ ਅਨੰਦ ਮਾਣਿਆ ਹੈ ਜਿਸ ਦਾ ਸੰਕੇਤ ਇੱਕ ਸਿੱਧ ਅੰਕ "7" ਦੀ ਵਰਤੋਂ ਕਰਕੇ ਕੀਤਾ ਗਿਆ ਹੈ। ਪਰ, ਇਸ ਲਿਖਤ ਵਿਚ ਅਜਿਹਾ ਕੁਝ ਵੀ ਨਹੀਂ ਹੈ ਜੋ ਸਾਨੂੰ ਅਜਿਹਾ ਸੋਚਣ ਦਾ ਕਾਰਣ ਦੇਵੇ ਕਿ ਉਹ ਅਜਿਹਾ ਆਦਰਸ਼ ਜੀਵਨ ਜੀਉਂਦਾ ਸੀ। ਇਸ ਦੇ ਉਲਟ, ਉਸ ਨੇ ਉਸ ਸਖਤ "ਮੇਹਨਤ" ਅਤੇ ਸੰਘਰਸ਼ ਦਾ ਵਰਣਨ ਕੀਤਾ ਹੈ ਜੋ ਉਸ ਨੂੰ ਅਤੇ ਉਸ ਦੀ ਪੀੜ੍ਹੀ ਦੇ ਲੋਕਾਂ ਨੂੰ ਸਹਿਣਾ ਪਿਆ (5:29)। ਇਸ ਤੋਂ ਇਲਾਵਾ, **ਨੂਹ ਦੇ ਜੰਮਣ ਦੇ ਪਿੱਛੋਂ ਲਾਮਕ ਪੰਜ ਸੌ ਪਚਾਨਵੇਂ ਵਰਿਹਾਂ ਤੀਕ ਜੀਉਂਦਾ ਰਿਹਾ ਅਤੇ ਉਸ ਤੋਂ ਪੁੱਤ੍ਰ ਧੀਆਂ** ਜੰਮੇ। ਯਕੀਨਨ ਤੌਰ ਤੇ ਇਸ ਲੰਬੇ ਸਮੇਂ ਦੇ ਦੌਰਾਨ ਉਸ ਦੇ ਬਹੁਤ ਸਾਰੇ ਪੋਤੇ-ਪੋਤੀਆਂ ਅਤੇ ਪੜਪੋਤੇ-ਪੜਪੋਤੀਆਂ ਹੋਏ ਸਨ। ਕਿਉਂਕਿ ਬਿਰਤਾਂਤ ਦੇ ਕਾਲਕ੍ਰਮ ਦੇ ਅਨੁਸਾਰ ਲਾਮਕ ਜਲ ਪਰਲੋ ਤੋਂ ਪੰਜ ਸਾਲ ਪਹਿਲਾਂ ਤੱਕ ਜੀਉਂਦਾ ਰਿਹਾ (5:30-32; 7:6), ਇਸ ਲਈ ਉਹ ਇਸ ਗੱਲ ਤੋਂ ਜਾਣੂ ਸੀ ਕਿ ਉਸ ਦੇ ਬੇਨਾਮ "ਪੁੱਤ੍ਰ ਅਤੇ ਧੀਆਂ" ਦੀ ਸੰਤਾਨ ਇੱਕ ਦੁਸ਼ਟ ਪੀੜ੍ਹੀ ਦਾ ਹਿੱਸਾ ਸਨ।

**ਆਇਤ 32. ਨੂਹ**, "ਜਿਹੜਾ ਧਰਮ ਦਾ ਪਰਚਾਰਕ ਸੀ" (2 ਪਤਰਸ 2:5), ਉਸ ਨੇ ਆਪਣੇ ਪਰਚਾਰ ਦੇ ਦੁਆਰਾ ਆਪਣੇ ਸਮੇਂ ਲੋਕਾਂ ਦੀ ਨਿੰਦਾ ਕੀਤੀ ਜਦੋਂ ਕਿਸ਼ਤੀ ਬਣਾਈ ਜਾ ਰਹੀ ਸੀ (ਇਬਰਾਨੀਆਂ 11:7; 1 ਪਤਰਸ 3:20)। ਇਸ ਨੇ ਲਾਮਕ ਦੇ ਦਿਲ ਨੂੰ ਬਹੁਤ ਦੁਖੀ ਤੇ ਚਿੰਤਾ ਨਾਲ ਭਰ ਦਿੱਤਾ ਹੋਵੇਗਾ। ਇਸ ਤੋਂ ਇਲਾਵਾ, ਭਾਵੇਂ ਨੂਹ ਦੇ ਤਿੰਨ ਵਿਆਹੇ ਹੋਏ ਪੁੱਤਰ ਸਨ, **ਸ਼ੇਮ, ਹਾਮ ਅਤੇ ਯਾਫਥ**, ਪਰ ਲਾਮਕ ਦੇ ਜੀਵਨ ਕਾਲ ਵਿਚ ਉਨ੍ਹਾਂ ਦੇ ਬੱਚੇ ਸਨ ਇਸ ਗੱਲ ਦਾ ਕੋਈ ਜ਼ਿਕਰ ਨਹੀਂ ਕੀਤਾ ਗਿਆ ਹੈ।[9] ਇਸ ਲਈ, ਸ਼ਾਇਦ ਲਾਮਕ ਨੇ ਇਹ ਸੋਚ ਕੇ ਹੈਰਾਨੀ ਅਤੇ ਚਿੰਤਾ ਦਾ ਅਨੁਭਵ ਕੀਤਾ ਹੋਵੇ ਕਿ ਅਗਾਂਹ ਤੋਂ ਉਸ ਦੀ ਪੀੜ੍ਹੀ ਅੱਗੇ ਨਹੀਂ ਚੱਲੇਗੀ ਸਗੋਂ ਖਤਮ ਹੋ ਜਾਵੇਗੀ। ਇਸ ਤੋਂ ਇਲਾਵਾ, ਕਿਉਂਕਿ ਲਾਮਕ ਜਲ ਪਰਲੋ ਆਉਣ ਤੋਂ ਕੁਝ ਸਾਲ ਪਹਿਲਾਂ ਤੱਕ ਜੀਉਂਦਾ ਸੀ, ਇਸ ਲਈ ਇਸ ਗੱਲ ਵਿਚ ਕੋਈ ਸ਼ੱਕ ਨਹੀਂ ਹੈ ਕਿ ਉਸ ਨੂੰ ਉਸ ਬੁਰਾਈ, ਹਿੰਸਾ ਅਤੇ ਅਰਾਜਕਤਾ ਦਾ ਸਾਹਮਣਾ ਕਰਨਾ ਪਿਆ ਸੀ, ਜੋ ਉਸ ਦੇ ਬੁਢਾਪੇ ਦੇ ਦਿਨਾਂ ਵਿਚ ਦੁਨੀਆਂ ਵਿਚ ਵਹਿ ਰਹੇ ਸਨ। ਇਨ੍ਹਾਂ ਸਭਨਾਂ ਚੀਜ਼ਾਂ ਵਿਚੋਂ ਕੋਈ ਵੀ ਨਹੀਂ ਸੀ ਜਿਸ ਦੇ ਦੁਆਰਾ ਉਹ ਭਰਪੂਰੀ ਦਾ ਜੀਵਨ ਪਰਗਟ ਹੋ ਰਿਹਾ ਹੋਵੇ ਜਿਸ ਨੂੰ ਅੰਕ "ਸੱਤ" ਦੇ ਗੁਣਜਾਂ ਦੇ ਦੁਆਰਾ ਦਰਸਾਇਆ ਜਾਵੇਗਾ। ਜਦਕਿ ਬਾਈਬਲ ਦੀ ਬੰਸਾਬਲੀ ਵਿਚ ਹਮੇਸ਼ਾ ਇਸ ਸੰਖਿਆ ਵਿਚ ਕੋਈ ਨਾ ਕੋਈ ਪ੍ਰਤੀਕਾਤਮਕ ਅਰਥ ਹੁੰਦਾ ਸੀ, ਜਿਵੇਂ ਇਸ ਅਧਿਆਇ ਵਿਚ ਪਹਿਲਾਂ ਵੇਖਿਆ ਗਿਆ ਹੈ, ਪਰ ਲਾਮਕ ਦੇ ਜੀਵਨ ਦੀ ਲੰਬਾਈ ਦੇ ਹਵਾਲੇ ਦੇ ਰੂਪ ਵਿਚ ਅਜਿਹਾ ਨਹੀਂ ਜਾਪਦਾ ਸੀ।

9:29 ਦੇ ਬਾਅਦ ਵਿਚ ਅਸੀਂ ਸਿੱਖਦੇ ਹਾਂ, ਕਿ "ਨੂਹ ਦੇ ਸਾਰੇ ਦਿਨ ਨੌ ਸੌ ਪੰਜਾਹ ਵਰਹੇ ਸਨ ਤਾਂ ਉਹ ਮਰ ਗਿਆ।"

# ਪ੍ਰਾਸੰਗਿਕਤਾ

**ਬੰਸਾਵਲੀਆਂ (4:17-5:32)**

ਅਧਿਆਇ 4 ਵਿਚ, ਕਇਨ ਦੀ ਵੱਧ ਰਹੀ ਬੁਰਾਈ ਦੇ ਵਿਸ਼ੇ ਵਿਚ ਦੱਸਿਆ ਗਿਆ ਸੀ; ਪਰ ਅਧਿਆਇ 5 ਉਨ੍ਹਾਂ ਲੋਕਾਂ ਦਾ ਪੁਨਰਗਠਨ ਕਰਦਾ ਹੈ ਜੋ ਪਰਮੇਸ਼ੁਰ ਦੀ ਅਰਾਧਨਾ ਕਰਦੇ ਸਨ: ਉਹ ਜੋ ਸੇਥ ਤੋਂ ਨੂਹ ਤੱਕ ਸਨ। ਇਹ ਪਰਮੇਸ਼ੁਰ ਦੇ ਸਰੂਪ ਤੇ ਮਨੁੱਖ ਜਾਤੀ ਦੀ ਸਰਿਸ਼ਟੀ ਅਤੇ ਉਸ ਦਾ ਮੂਲ ਹੁਕਮ "ਫਲੋ ਅਰ ਵਧੋ ਅਰ ਧਰਤੀ ਨੂੰ ਭਰ ਦਿਓ" (1:26-28) ਦੀ ਪਿੱਠਭੂਮੀ ਤੋਂ

ਸ਼ੁਰੂ ਹੁੰਦਾ ਹੈ। ਇਸ ਦਾ ਮੁੱਖ ਉਦੇਸ਼ ਸਰਿਸ਼ਟੀ ਤੋਂ ਜਲਦੀ ਨਾਲ ਅੱਗੇ ਵੱਧ ਕੇ ਜਲ ਪਰਲੋ ਦੇ ਬਿਰਤਾਂਤ ਵਿਚਲੇ ਪਏ ਪਾੜ ਦੇ ਲਈ ਪੁੱਲ ਦਾ ਕੰਮ ਕਰਨਾ ਹੈ, ਪਰ ਇਹ ਆਦਮ ਦੇ ਪਾਪ ਦੇ ਕਾਰਨ ਧਰਤੀ ਉੱਤੇ "ਮੌਤ ਕਿਵੇਂ ਰਾਜ" ਕਰਦੀ ਹੈ, ਉਸ ਦੀ ਵਾਸਤਵਿਕਤਾ ਨੂੰ ਵੀ ਦਰਸਾਉਣਾ ਹੈ (ਰੋਮੀਆਂ 5:17)। ਇਹ ਇੱਕ ਯੁੱਧ ਦੀ ਆਸ ਕਰਦਾ ਹੈ ਜਿਸ ਦੀ ਭਵਿੱਖਵਾਣੀ 3:15 ਵਿਚ ਕੀਤੀ ਗਈ ਸੀ ਅਤੇ 6:1-8 ਵਿਚ ਇਹ ਇੱਕ ਚਰਮ ਸੀਮਾ ਤੇ ਪਹੁੰਚਦਾ ਹੈ: ਇੱਕ ਪਾਸੇ ਕਇਨ ਦੀ ਦੁਸ਼ਟ ਸੰਤਾਨ ਅਤੇ ਦੂਸਰੇ ਪਾਸੇ ਸੇਥ ਦੀ ਧਰਮੀ ਸੰਤਾਨ ਹੈ। ਇਸ ਦਾ ਉਲਟ ਮੁੱਖ ਤੌਰ ਤੇ ਨੂਹ ਦੇ ਜੀਵਨ ਵਿਚ ਵੇਖਿਆ ਜਾਂਦਾ ਹੈ।

*ਚੋਣਵੀਆਂ ਬੰਸਾਵਲੀਆਂ।* 4:17-24 ਵਿਚ, ਲੇਖਕ ਨੇ ਕਇਨ ਦੇ ਵੰਸ ਦੀਆਂ ਸੱਤਾਂ ਪੀੜ੍ਹੀਆਂ ਦਾ ਸੰਖੇਪ ਵਰਣਨ ਕੀਤਾ ਹੈ। (ਇਸ ਬਿਰਤਾਂਤ ਵਿਚ ਆਦਮ ਸ਼ਾਮਲ ਹੈ।) ਫਿਰ, ਪੰਜਵੇਂ ਅਧਿਆਇ ਵਿਚ, ਉਸ ਨੇ ਆਦਮ ਦੇ ਵੰਸ ਦੀਆਂ ਦਸਾਂ ਪੀੜ੍ਹੀਆਂ ਹੇਠਾਂ ਨੂਹ ਤੀਕ ਅਤੇ ਜਲ ਪਰਲੋ ਦੇ ਸਮੇਂ ਦੀ ਸੂਚੀ ਬਣਾਈ। ਬਾਅਦ ਦੀ ਬੰਸਾਵਲੀ ਦੀ ਸਿੱਧੀ-ਸਾਧੀ ਵਿਆਖਿਆ, 1600 ਦੇ ਵਿਚ ਆਇਰਿਸ਼ ਧਰਮ ਸ਼ਾਸਤਰੀ ਅਤੇ ਇਤਿਹਾਸਕਾਰ ਜੇਮਸ ਅਸ਼ਰ ਦੇ ਕੰਮ ਤੋਂ ਬਾਅਦ, ਇਹ ਹੈ ਕਿ ਇਹ ਆਦਮ ਤੋਂ ਨੂਹ ਤਕ ਦੀ ਸਾਰੀ ਸਮਾਂ ਸਾਰਣੀ ਪ੍ਰਦਾਨ ਕਰਦਾ ਹੈ, ਜਿਨ੍ਹਾਂ ਵਿਚ ਬਹੁਤ ਸਾਰੇ ਅਜਿਹੇ ਸਨ ਜੋ ਨੌ ਸੌ ਸਾਲ ਤੋਂ ਵੀ ਵੱਧ ਜੀਏ ਸਨ। ਭਾਵੇਂ ਅੱਜ ਬਹੁਤ ਸਾਰੇ ਲੋਕ ਇਹ ਮੰਨਦੇ ਹਨ ਕਿ ਇਸ ਬਿਰਤਾਂਤ ਵਿਚ ਦੱਸੀਆਂ ਗਈਆਂ ਮਨੁੱਖਾਂ ਦੀਆਂ ਉਮਰਾਂ ਤੇ ਵਿਸ਼ਵਾਸ ਨਹੀਂ ਕੀਤਾ ਜਾ ਸਕਦਾ ਹੈ, ਪਰ ਜਲ ਪਰਲੋ ਤੋਂ ਪਹਿਲਾਂ ਧਰਤੀ ਉੱਤਲੀਆਂ ਸਥਿਤੀਆਂ ਅੱਜ ਦੀਆਂ ਸਥਿਤੀਆਂ ਤੋਂ ਬਹੁਤ ਹੀ ਅਲੱਗ ਸਨ, ਇਸ ਲਈ ਅਜਿਹੀਆਂ ਲੰਬੀਆਂ ਉਮਰਾਂ ਸੰਭਾਵਨਾ ਦੇ ਦਾਇਰੇ ਤੋਂ ਬਾਹਰ ਨਹੀਂ ਹਨ।

ਅਸ਼ਰ ਦਾ ਵਿਸ਼ਵਾਸ ਸੀ ਕਿ ਆਦਮ ਤੋਂ ਨੂਹ ਤੱਕ ਦਸਾਂ ਪੀੜ੍ਹੀਆਂ ਦੀ ਬੰਸਾਬਲੀ ਦਾ ਖਾਤਾ ਇੱਕ ਪੂਰਨ ਸੂਚੀ ਸੀ, ਜਿਸ ਵਿਚ ਕੋਈ ਨਿੱਜੀ ਕਾਲਪਨਿਕ ਅੰਤਰਾਲ ਨਹੀਂ ਸੀ। ਉਸ ਨੇ ਖਗੋਲ ਵਿਗਿਆਨੀਆਂ ਦੀ ਜਾਂਚ ਕੀਤੀ, ਪੁਰਾਣੇ ਕਲੰਡਰਾਂ ਦੀ ਜਾਂਚ ਕੀਤੀ, ਅਤੇ ਰਾਜਿਆਂ ਦੇ ਇਤਹਾਸਕ ਰਿਕਾਰਡਾਂ ਦਾ ਅਧਿਐਨ ਕੀਤਾ। ਇਸ ਜਾਣਕਾਰੀ ਦੇ ਅਧਾਰ 'ਤੇ ਅਸ਼ਰ ਨੇ ਜਲ ਪਰਲੋ ਤੋਂ ਪਹਿਲਾਂ ਦੇ ਪੁਰਾਤਨ ਪੂਰਵਜਾਂ ਦੇ ਜੀਵਨਕਾਲਾਂ ਨੂੰ ਜੋੜਿਆ ਜੋ ਅਧਿਆਇ 5 ਵਿਚ ਦਿੱਤੇ ਗਏ ਹਨ ਅਤੇ ਸਰਿਸ਼ਟੀ ਤੋਂ ਲੈ ਕੇ ਨੂਹ ਤੱਕ ਦੇ ਸਮੇਂ ਦੀ ਗਣਨਾ ਕੀਤੀ। ਉਸ ਨੇ ਇਹ ਸਿੱਟਾ ਕੱਢਿਆ ਕਿ ਸਰਿਸ਼ਟੀ ਦੇ 1,656 ਸਾਲ ਬਾਅਦ, 2348 ਈ.ਪੂ. ਵਿਚ ਜਲ ਪਰਲੋ ਆਈ ਸੀ। ਆਪਣੀ ਗਣਿਤਕ ਪ੍ਰਕਿਰਿਆ ਨੂੰ ਉਲਟਾ ਕਰਕੇ, ਉਸ ਨੇ ਰਚਨਾ ਨੂੰ 4004 ਈ.ਪੂ. ਜਲ ਪਰਲੋ ਤੋਂ 1,656 ਸਾਲ ਪਹਿਲਾਂ ਦੱਸਿਆ।

ਇਸ ਵਿਚਾਰ ਵਿਚ ਵੱਡੀ ਸਮੱਸਿਆ ਇਹ ਹੈ: ਇਹ ਇੱਕ ਸੰਖੇਪ ਸਮਾਂ ਦਿੰਦਾ ਹੈ ਜਿਸ ਵਿਚ ਉਤਪਤੀ ਦੇ ਸ਼ੁਰੂਆਤੀ ਅਧਿਆਇਆਂ ਵਿਚ ਦਰਜ ਸਾਰੀਆਂ ਘਟਨਾਵਾਂ ਨੂੰ ਰੱਖਿਆ ਗਿਆ ਹੈ, ਇਸ ਦੇ ਨਾਲ ਨਾਲ ਇਤਹਾਸ ਅਤੇ ਪੁਰਾਰਤੱਵ ਵਿਗਿਆਨ ਦੇ ਅਧਿਐਨ ਰਾਹੀਂ ਸਾਡੇ ਦੁਆਰਾ ਜਾਣੀਆਂ ਜਾਣ ਵਾਲੀਆਂ ਸਾਰੀਆਂ ਘਟਨਾਵਾਂ ਨੂੰ ਸਥਾਨ ਦਿੱਤਾ ਗਿਆ ਹੈ।[10] ਮਿਸਰ ਰਚਨਾ ਅਤੇ ਜਲ ਪਰਲੋ ਦੇ ਵਿਚ ਸਿਰਫ 1,656 ਸਾਲ ਦੀ ਇਜਾਜ਼ਤ ਦੇਣ ਦੀ ਮੁਸ਼ਕਲ ਦਾ ਇੱਕ ਮੁੱਖ ਉਦਾਹਰਣ ਹੈ: ਮੁਢਲੇ ਪੁਰਾਰਤੱਵ ਪ੍ਰਮਾਣਿਕ ਸਬੂਤ 3100 ਈ.ਪੂ. ਵਿਚ ਪਹਿਲੇ ਮਿਸਰੀ ਰਾਜਵੰਸ਼ ਨੂੰ ਸਥਾਨ ਦਿੰਦੇ ਹਨ। ਉਸੇ ਪ੍ਰਕਾਰ ਦੇ ਸਬੂਤ ਸਾਬਤ ਕਰਦੇ ਹਨ ਕਿ ਇੱਕ ਸ਼ਾਸਨ ਅਧੀਨ ਨੀਲ ਘਾਟੀ ਵਿਚ ਸੰਯੁਕਤ ਰਾਜ ਸਥਾਪਤ ਹੋਣ ਤੋਂ ਬਹੁਤ ਸਮਾਂ ਪਹਿਲਾਂ, ਪ੍ਰਾਚੀਨ ਦੁਨੀਆਂ ਦੇ ਉਸ ਖੇਤਰ ਵਿਚ ਕਈ ਵੰਡੇ ਹੋਏ ਰਾਜ ਲੰਬੇ ਸਮੇਂ ਤੋਂ ਮੌਜੂਦ ਸਨ। ਇਹ ਸੰਭਾਵਨਾ ਬਹੁਤ ਘੱਟ ਹੈ ਕਿ ਜਲ ਪਰਲੋ ਆਉਣ ਤੋਂ ਬਹੁਤ ਸਾਲ ਪਹਿਲਾਂ ਇਹ ਪੈਦਾ ਹੋ ਚੁੱਕੀਆਂ ਸਨ

ਅਤੇ ਮਨੁੱਖ ਜਾਤੀ ਵਿਚ ਕਾਫੀ ਵਾਧਾ ਹੋਇਆ ਸੀ, ਜਿਵੇਂ ਉਤਪਤ 10 ਅਧਿਆਇ ਵਿਚ ਦੱਸਿਆ ਗਿਆ ਹੈ। ਇਸ ਲਈ, ਸਾਨੂੰ ਉਤਪਤ 5 ਅਧਿਆਇ ਦੀ ਬੰਸਾਵਲੀ ਦੀ ਵਿਆਖਿਆ ਅਸ਼ਰ ਦੇ ਤਰੀਕੇ ਨਾਲੋਂ ਵੱਖਰੇ ਤਰੀਕੇ ਦੇ ਨਾਲ ਕਰਨੀ ਚਾਹੀਦਾ ਹੈ, ਖਾਸ ਤੌਰ ਤੇ ਜਦਕਿ ਬਾਈਬਲ ਦੀਆਂ ਬੰਸਾਵਲੀ ਸੂਚੀਆਂ ਵਿਚ ਕਈ ਅੰਤਰਾਲ ਹੁੰਦੇ ਹਨ।[11]

ਪ੍ਰਾਚੀਨ ਸੰਸਾਰ ਵਿਚ, ਲਿਖੇ ਜਾਣ ਤੋਂ ਬਹੁਤ ਸਮਾਂ ਪਹਿਲਾਂ, ਬੰਸਾਵਲੀ ਸੂਚੀਆਂ ਨੂੰ ਸ਼ੈਲੀਗਤ ਉਦੇਸ਼ਾਂ ਦੇ ਲਈ ਅਤੇ ਯਾਦ ਕਰਨ ਵਿਚ ਸਹਾਇਤਾ ਵਜੋਂ, ਘਟਾ ਦਿੱਤਾ ਗਿਆ ਸੀ। ਕਦੀ ਕਦੀ ਪੁਰਾਣੇ ਨੇਮ ਵਿਚ ਇੱਕ ਵਿਅਕਤੀ ਦਾ ਨਾਮ ਨਾ ਸਿਰਫ ਉਸ ਵਿਅਕਤੀ ਨੂੰ ਦਰਸਾਉਣ ਦੇ ਲਈ ਹੀ, ਸਗੋਂ ਸੈਂਕੜੇ ਸਾਲਾਂ ਤੋਂ ਉਸ ਤੋਂ ਪੈਦਾ ਹੋਏ ਪਰਿਵਾਰ ਜਾਂ ਪੀੜ੍ਹੀਆਂ ਨੂੰ ਦਰਸਾਉਣ ਦੇ ਲਈ ਵਰਤਿਆ ਜਾਂਦਾ ਹੈ। ਇਸ ਦੀ ਇੱਕ ਸਪੱਸ਼ਟ ਉਦਾਹਰਣ ਨਿਆਂਈਆਂ 1:3 ਵਿਚ ਪਾਈ ਜਾਂਦੀ ਹੈ, ਜਿੱਥੇ ਬਿਰਤਾਂਤ "ਯਹੂਦਾਹ" ਅਤੇ "ਸ਼ਿਮਓਨ" ਦੇ ਲਈ ਵਿਅਕਤੀਗਤ ਤੌਰ ਤੇ ਬੋਲਦਾ ਜਾਪਦਾ ਹੈ। ਲਿਖਤ ਕਹਿੰਦੀ ਹੈ, "ਤਦ ਯਹੂਦਾਹ ਨੇ ਆਪਣੇ ਭਰਾ ਸ਼ਿਮਓਨ ਨੂੰ ਆਖਿਆ . . .।" ਪਰ, ਪ੍ਰਸੰਗ ਦੀ ਇੱਕ ਜਾਂਚ ਤੋਂ ਪਤਾ ਲੱਗਦਾ ਹੈ ਕਿ ਬੰਦ ਪੂਰੀਆਂ ਕਬਾਇਲੀ ਇਕਾਈਆਂ ਦੀਆਂ ਗਤੀਵਿਧੀਆਂ ਦਾ ਵਰਣਨ ਕਰ ਰਿਹਾ ਹੈ, ਕਿਉਂਕਿ ਯਹੂਦਾਹ ਅਤੇ ਸ਼ਿਮਓਨ, ਯਾਕੂਬ ਦੇ ਅਸਲੀ ਪੁੱਤਰ ਸੈਂਕੜੇ ਸਾਲਾਂ ਤੋਂ ਮਰ ਚੁੱਕੇ ਸਨ।[12]

*ਸੰਖਿਆ "10."* ਬੰਸਾਵਲੀਆਂ ਨੂੰ ਸਮਝਣ ਵਿਚ ਇੱਕ ਹੋਰ ਵਿਚਾਰ ਸੰਖਿਆਵਾਂ ਦਾ ਮਹੱਤਵ ਹੈ। 5:1-32 ਵਿਚ ਆਦਮ ਤੋਂ ਨੂਹ ਤੱਕ ਦੀਆਂ ਦਸ ਪੀੜ੍ਹੀਆਂ ਨੂੰ ਦਰਸਾਇਆ ਗਿਆ ਹੈ। ਕਿਉਂਕਿ ਉੱਨੀਵੀਂ ਸਦੀ ਦੇ ਅਖੀਰ ਤੋਂ, ਇਸ ਬੰਦ ਦੀ ਤੁਲਨਾ ਪ੍ਰਾਚੀਨ ਸੁਮੇਰੀ ਕਿੰਗ ਲਿਸਟ ਦੇ ਬੰਸਾਵਲੀ ਰਿਕਾਰਡ ਦੇ ਨਾਲ ਕੀਤੀ ਗਈ ਹੈ। ਇਹ ਸੂਚੀ ਦਸ ਰਾਜਿਆਂ ਦੀ ਸੂਚੀ ਬਣਾਉਂਦੀ ਹੈ, ਜੋ ਸਾਰੇ ਜਲ ਪਰਲੋ ਤੋਂ ਬਹੁਤ ਸਮਾਂ ਪਹਿਲਾਂ ਹੋਏ ਸਨ।

ਇਨ੍ਹਾਂ ਮਸੋਪੋਤਾਮੀ ਸ਼ਾਸਕਾਂ ਦਾ ਰਿਕਾਰਡ ਉਤਪਤੀ 5 ਅਧਿਆਇ ਦੇ ਦਸ ਨਾਮਾਂ ਦੀ ਸੂਚੀ ਦੇ ਸਰੋਤ ਦੇ ਰੂਪ ਵਿਚ ਵੇਖਿਆ ਜਾਂਦਾ ਹੈ, ਇਸ ਦੇ ਨਾਲ ਨਾਲ ਉਨ੍ਹਾਂ ਕੁੱਲਪਤੀਆਂ ਦੇ ਲਈ ਲੰਬਾ ਜੀਵਨ ਵੀ ਦਿੱਤਾ ਗਿਆ ਹੈ। ਹਾਲਾਂਕਿ, ਇਨ੍ਹਾਂ ਸੂਚੀਆਂ ਦੇ ਵਿਚਕਾਰ ਸਮਾਨਤਾਵਾਂ ਦੇ ਮੁਕਾਬਲੇ ਅੰਤਰ ਵਧੇਰੇ ਹਨ। ਇਨ੍ਹਾਂ ਅੰਤਰਾਂ ਦੇ ਲਈ ਕਾਫੀ ਮਿਸਾਲਾਂ ਦਿੱਤੀਆਂ ਜਾ ਸਕਦੀਆਂ ਹਨ, ਪਰ ਕੁਝ ਕੁ ਹੀ ਕਾਫੀ ਹੋਣਗੀਆਂ। (1) ਸੁਮੇਰੀ ਕਿੰਗ ਲਿਸਟ ਦੇ ਹੋਰਨਾਂ ਸੰਸਕਰਣਾਂ ਦੀ ਖੋਜ ਕੀਤੀ ਗਈ ਹੈ ਅਤੇ/ਜਾਂ ਸਿਰਫ ਸੱਤ ਤੋਂ ਨੌ ਰਾਜਿਆਂ ਦੇ ਨਾਲ ਮੁੜ ਨਿਰਮਾਣ ਕੀਤਾ ਗਿਆ ਹੈ ਨਾ ਕਿ ਦਸ ਨਾਲ। (2) ਭਾਵੇਂ ਇੱਕ ਰਿਕਾਰਡ ਦਸ ਪੀੜ੍ਹੀਆਂ ਦੀ ਸੂਚੀ ਬਣਾਉਂਦਾ ਹੈ, ਪਰ ਇਸ ਖਾਤੇ ਵਿਚ ਸਿਰਫ ਰਾਜੇ ਹੀ ਹੁੰਦੇ ਹਨ; ਇਹ ਇੱਕ ਅਜਿਹੀ ਸੂਚੀ ਨਹੀਂ ਹੈ, ਜੋ ਪਹਿਲੇ ਵਿਅਕਤੀ ਤੋਂ ਸ਼ੁਰੂ ਹੁੰਦੀ ਹੋਵੇ, ਜਿਵੇਂ ਕਿ ਬਾਈਬਲ ਦੇ ਵਿਚ ਹੁੰਦਾ ਹੈ। (3) ਵੱਖ ਵੱਖ ਰਾਜਾ ਸੂਚੀਆਂ ਦਾ ਉਦੇਸ਼ ਮਸੋਪੋਤਾਮੀਆ ਵਿਚ ਸ਼ਾਸਨ ਕਰਨ ਦੇ ਲਈ ਇੱਕ ਸ਼ਹਿਰ ਦੇ ਦਾਵੇ ਨੂੰ ਕਾਨੂੰਨੀ ਮਾਨਤਾ ਦੇਣਾ ਸੀ, ਨਾ ਕਿ ਇਤਹਾਸ ਆਦਮ ਤੋਂ ਇਸ ਦੇ ਬਚੇ ਹੋਏ, ਨੂਹ ਅਤੇ ਉਸ ਦੇ ਪਰਿਵਾਰ ਦਾ ਪਤਾ ਲਗਾਉਣਾ ਸੀ। (4) ਹਾਲਾਂਕਿ ਸੁਮੇਰੀ ਰਾਜਿਆਂ ਦੇ ਸ਼ਾਸਨ ਕਾਲ ਦੀ ਲੰਬਾਈ ਵੱਖ-ਵੱਖ ਹੁੰਦੀ ਹੈ, ਜਦਕਿ ਸੂਚੀ ਦੇ ਅਨੁਸਾਰ ਇਹ ਸਾਰੇ ਸਪੱਸ਼ਟ ਤੌਰ ਤੇ ਸਧਾਰਣ ਹਨ। ਉਲੇਖ ਕੀਤਾ ਗਿਆ ਸਭ ਤੋਂ ਲੰਬਾ ਰਾਜ 72,000 ਸਾਲਾਂ ਦਾ ਹੈ; ਸਭ ਤੋਂ ਛੋਟਾ ਸ਼ਾਸਨਕਾਲ 6,000 ਸਾਲਾਂ ਦੇ ਰੂਪ ਵਿਚ ਸੂਚਿਤ ਕੀਤਾ ਗਿਆ ਹੈ।[13] ਇਕੱਠੇ ਲੈਣ ਦੇ ਦੁਆਰਾ, ਕੁੱਲਪਤੀਆਂ ਦੇ ਰਾਜ ਕਰਨ ਦੀ ਔਸਤ ਜੀਵਨਕਾਲ ਦੀ ਲੰਬਾਈ ਤੋਂ ਲਗਭਗ ਪੰਜਾਹ ਗੁਣਾ ਹੈ ਜੋ ਬਾਈਬਲ ਬੰਸਾਵਲੀ ਵਿਚ ਸ਼ਾਮਲ ਹੈ। ਇਸ ਲਈ, ਕੋਈ ਵੀ ਅਸਲ ਸਬੂਤ ਇਸ ਦਾਅਵੇ ਦਾ ਸਮਰਥਨ ਨਹੀਂ ਕਰਦਾ ਕਿ ਉਤਪਤ ਅਧਿਆਇ 5 ਦੀ ਬੰਸਾਵਲੀ ਸੁਮੇਰੀ ਕਿੰਗ ਲਿਸਟ ਤੇ

ਆਧਾਰਤ ਹੈ।

ਹਾਲਾਂਕਿ ਇਹ ਸੰਭਵ ਹੈ ਕਿ ਉਤਪਤੀ ਦੇ ਲੇਖਕ ਨੇ ਸੁਮੇਰੀਅਨ ਰਾਜਿਆਂ ਦੀ ਸੂਚੀ ਦੇ ਘੱਟ ਤੋਂ ਘੱਟ ਇੱਕ ਰਿਕਾਰਡ ਦੇ ਰੂਪ ਵਿਚ ਮਹੱਤਵਪੂਰਣ ਲੋਕਾਂ ਦੀ ਸੂਚੀ ਇਕੱਠੀ ਕਰਨ ਦੇ ਲਈ ਇੱਕ ਆਦਰਸ਼ ਦੇ ਰੂਪ ਵਿਚ ਸੰਖਿਆ “10” ਦਾ ਇਸਤੇਮਾਲ ਕੀਤਾ ਸੀ, ਪਰ ਉਸ ਮਸੋਪੋਤਾਮੀ ਰਿਕਾਰਡ ਵਿਚ ਅਜਿਹਾ ਕੁਝ ਵੀ ਨਹੀਂ ਦੱਸਦਾ ਕਿ ਬਾਈਬਲ ਦੇ ਲੇਖਕ ਸੁਰੱਖਿਅਤ ਜਾਣਕਾਰੀ ਦੇ ਲਈ ਇਸ ਤੇ ਨਿਰਭਰ ਹਨ।

ਇੰਝ ਜਾਪਦਾ ਹੈ ਕਿ ਸੰਖਿਆ “10” ਪ੍ਰਾਚੀਨ ਨੇੜਲੇ ਪੂਰਬੀ ਲੋਕਾਂ ਦੇ ਲਈ ਵਿਸ਼ੇਸ਼ ਮਹੱਤਵ ਰੱਖਦੀ ਹੈ, ਪਰ ਤਾਂ ਵੀ ਸਾਨੂੰ ਨਿਸ਼ਚਤ ਤੌਰ ਤੇ ਇਹ ਪਤਾ ਨਹੀਂ ਹੈ ਕਿ ਅਜਿਹਾ ਕਿਉਂ ਹੈ। ਜਲ ਪਰਲੋ ਤੋਂ ਬਾਅਦ, ਦਸਾਂ ਪੀੜ੍ਹੀਆਂ ਦੇ ਦੁਆਰਾ ਇੱਕ ਹੋਰ ਸਮੇਂ ਕਾਲ ਨੂੰ ਦਰਸਾਇਆ ਗਿਆ ਹੈ, ਸ਼ੇਮ (ਨੂਹ ਦੇ ਪੁੱਤਰ) ਤੋਂ ਲੈ ਕੇ ਅਬਰਾਹਾਮ ਤੱਕ (11:10-26)। ਬੇਸ਼ੱਕ, ਇਹ ਸੰਭਵ ਹੈ ਕਿ ਜਲ ਪਰਲੋ ਤੋਂ ਲੈ ਕੇ ਅਬਰਾਹਾਮ ਤੱਕ ਸਿਰਫ 10 ਅਸਲੀ ਪੀੜ੍ਹੀਆਂ ਸਨ। ਇਹ ਰੂਥ 4:18-22 ਵਿਚਲੀ ਬੰਸਾਵਲੀ ਤੋਂ ਸਪੱਸ਼ਟ ਹੈ, ਜਿਸ ਵਿਚ ਫਾਰਸ ਤੋਂ ਦਾਊਦ ਤੱਕ ਸਿਰਫ 10 ਪੀੜ੍ਹੀਆਂ ਦਾ ਵਰਣਨ ਹੈ, ਜੋ ਬਾਅਦ ਵਿਚ ਇੱਕ ਚੋਣ ਸੂਚੀ ਹੈ ਜਿਸ ਵਿਚ ਕਈ ਨਾਂ ਹਟਾ ਦਿੱਤੇ ਗਏ ਹਨ। ਇਹੀ ਗੱਲ ਪੂਰਵ ਦੇ ਬਾਰੇ ਵੀ ਸੱਚ ਹੋ ਸਕਦੀ ਹੈ।

ਕੋਈ ਵੀ ਨਹੀਂ ਜਾਣਦਾ ਕਿ ਫਾਰਸ ਅਤੇ ਦਾਊਦ ਦੇ ਵਿਚਕਾਰ ਸਟੀਕ ਕਿੰਨੇ ਸਾਲਾਂ ਬੀਤ ਗਏ ਸਨ; ਪਰ, ਬਾਈਬਲ ਦੀ ਲਿਖਤ ਦੇ ਆਧਾਰ ਤੇ, ਫਾਰਸ ਦਾ ਜਨਮ ਉਸ ਸਮੇਂ ਹੋਇਆ ਸੀ ਜਦੋਂ ਯੂਸੁਫ਼ ਨੂੰ ਮਿਸਰ ਵਿਚ ਵੇਚ ਦਿੱਤਾ ਗਿਆ ਸੀ (38:29; 39:1)। ਅਸਲੀ ਮੁਸ਼ਕਲ ਯੂਸੁਫ਼ ਦੇ ਦੁਆਰਾ ਮਿਸਰ ਵਿਚ ਪ੍ਰਵੇਸ਼ ਕਰਨ ਦੀ ਤਿਥੀ ਵਿਚ ਹੈ। ਇਸ ਘਟਨਾ ਦੀ ਆਰੰਭਿਕ ਤਿਥੀ 1898 ਈ.ਪੂ.ਵੀ ਹੈ; ਪਰ ਕਈ ਵਿਦਵਾਨ ਲੋਕ ਫਾਰਸ ਅਤੇ ਦਾਊਦ ਦੇ ਦਰਮਿਆਨ 188 ਸਾਲ ਦੇ ਘੱਟ ਸਮੇਂ ਕਾਲ ਦੀ ਕਲਪਨਾ ਕਰਦੇ ਹੋਏ 1710 ਈ.ਪੂ. ਦੀ ਤਾਰੀਖ ਦੀ ਚੋਣ ਕਰਦੇ ਹਨ। ਕਿਉਂਕਿ 1010 ਈ.ਪੂ. ਨੂੰ ਦਾਊਦ ਦੇ ਰਾਜ ਦੀ ਸ਼ੁਰੂਆਤ ਦੀ ਤਾਰੀਖ ਵਜੋਂ ਵਿਆਪਕ ਰੂਪ ਵਿਚ ਸਵੀਕਾਰ ਕੀਤਾ ਜਾਂਦਾ ਹੈ, ਇਹ ਬਸ ਇੱਕ ਸਵਾਲ ਹੈ ਕਿ ਕੀ ਫਾਰਸ ਦੇ ਜਨਮ ਤੋਂ ਲੈ ਕੇ ਦਾਊਦ ਦੇ ਰਾਜ ਤੱਕ ਪਹੁੰਚਣ ਤੱਕ 888 ਸਾਲ ਲੰਘ ਚੁੱਕੇ ਸਨ (ਪਹਿਲਾ ਵਿਚਾਰ), ਜਾਂ ਇਨ੍ਹਾਂ ਘਟਨਾਵਾਂ ਦੇ ਦਰਮਿਆਨ ਸਿਰਫ 700 ਸਾਲ ਹੀ ਸਨ।

ਫਾਰਸ ਅਤੇ ਦਾਊਦ ਦੇ ਵਿਚਕਾਰ ਪੀੜ੍ਹੀਆਂ ਦੀ ਸੰਖਿਆ ਨੂੰ ਨਿਰਧਾਰਤ ਕਰਨ ਵਿਚ ਇੱਕ ਮੁੱਦਾ ਇਹ ਹੈ ਕਿ ਇੱਕ ਪੀੜ੍ਹੀ ਦੇ ਰੂਪ ਵਿਚ ਕਿੰਨੇ ਸਾਲਾਂ ਦੀ ਗਿਣਤੀ ਕੀਤੀ ਜਾਣੀ ਚਾਹੀਦੀ ਹੈ। ਇੰਝ ਜਾਪਦਾ ਹੈ, ਕਿ ਪੁਰਾਣੇ ਸਮੇਂ ਵਿਚ ਇੱਕ ਪੀੜ੍ਹੀ ਉਸ ਸਮੇਂ ਤੋਂ ਗਿਣੀ ਗਈ ਸੀ ਜਦੋਂ ਇੱਕ ਵਿਅਕਤੀ ਦਾ ਪਹਿਲਾ ਪੁੱਤਰ ਪੈਦਾ ਹੁੰਦਾ ਸੀ।[14] ਇਹ ਸਮੇਂ ਦੀ ਸੰਰਚਨਾ, ਜਾਹਿਰ ਤੌਰ ਤੇ ਮੂਸਾ ਦੇ ਕੁੱਲਪਤੀ ਕਾਲ[15] ਵਿਚ ਲਗਭਗ 40 ਸਾਲ ਭਿੰਨ ਹੋ ਸਕਦੀ ਹੈ, ਜੋ ਮੂਸਾ ਦੇ ਕਾਲ ਵਿਚ ਲਗਭਗ 25 ਸਾਲ ਹਨ, ਕਿਉਂਕਿ ਲੋਕਾਂ ਦਾ ਜੀਵਨ ਕਾਲ ਲਗਭਗ 70 ਸਾਲ ਤੱਕ ਘੱਟ ਗਿਆ ਹੈ (ਵੇਖੋ ਜ਼ਬੂਰਾਂ 90:10)। 30 ਸਾਲਾਂ[16] ਤੋਂ 16 ਸਾਲਾਂ ਦਾ ਅਨੁਮਾਨ ਸ਼ਾਇਦ ਫਾਰਸ ਤੋਂ ਦਾਊਦ ਤੱਕ 888 ਸਾਲਾਂ ਦੀ ਮਿਆਦ ਦੇ ਦੌਰਾਨ ਇੱਕ ਪੀੜ੍ਹੀ ਦੀ ਔਸਤ ਲੰਬਾਈ ਦੇ ਨੇੜੇ ਹੈ, ਜਿਸ ਦੇ ਨਾਲ ਇਨ੍ਹਾਂ ਦੋਨਾਂ ਦੇ ਦਰਮਿਆਨ ਸਾਢੇ ਉਨੱਤੀ ਪੀੜ੍ਹੀਆਂ ਦੀ ਗਣਨਾ ਹੋ ਜਾਂਦੀ ਹੈ। ਇੱਕ ਪੀੜ੍ਹੀ ਲਈ ਤੀਹ ਸਾਲ ਦਾ ਅੰਕੜਾ ਬਣਾਉਣ ਅਤੇ ਇਸ ਨੂੰ 700 ਸਾਲਾਂ ਦੀ ਛੋਟੀ ਮਿਆਦ ਵਿਚ ਵੰਡਣ ਦਾ ਸਿੱਟਾ ਫਾਰਸ ਅਤੇ ਦਾਊਦ ਦੇ ਦਰਮਿਆਨ 23 ਪੀੜ੍ਹੀਆਂ ਹੋਣਗੀਆਂ। ਇਸ ਗੱਲ ਨਾਲ ਕੋਈ ਫਰਕ ਨਹੀਂ ਪੈਂਦਾ ਕਿ ਇਸ ਨੂੰ ਕਿਵੇਂ ਵੇਖਿਆ ਜਾਂਦਾ ਹੈ, ਇਸ ਦਾ ਨਤੀਜਾ 10 ਪੀੜ੍ਹੀਆਂ ਤੋਂ ਕਿਤੇ ਵਧੀਕ ਹੈ ਜੋ ਰੂਥ 4:18-22 ਵਿਚ ਦਰਜ ਹਨ। ਇਸ ਤੋਂ ਇਹ ਸੰਕੇਤ

ਮਿਲਦਾ ਹੈ ਕਿ “10” ਵਿਚ ਇੱਕ ਆਦਰਸ਼ ਸੰਖਿਆ ਦੇ ਰੂਪ ਵਿਚ ਕੁਝ ਸੰਕੇਤਾਮਕ ਮਹੱਤਤਾ ਹੋ ਸਕਦੀ ਹੈ, ਅਤੇ ਇਸੇ ਲਈ ਦਸ ਸਭ ਤੋਂ ਮਹੱਤਵਪੂਰਣ ਲੋਕਾਂ ਨੂੰ ਇਸ ਜਨਤਕ ਸੂਚੀ ਵਿਚ ਸ਼ਾਮਲ ਕੀਤਾ ਗਿਆ ਹੈ।

*ਸੰਖਿਆ “7.”* ਰੂਥ 4:18-22 ਵਿਚ, ਸੰਖਿਆ “7” ਵੀ ਵਿਸ਼ੇਸ਼ ਮਹੱਤਵ ਰੱਖਦੀ ਪਰਗਟ ਹੁੰਦੀ ਹੈ। ਬੋਅਜ਼ ਨੂੰ ਬੰਸਾਵਲੀ ਦੀ ਸੂਚੀ ਵਿਚ ਸੱਤਵੇਂ ਸਥਾਨ ਤੇ ਰੱਖਿਆ ਗਿਆ ਹੈ; ਅਤੇ, ਇਸ ਗੱਲ ਨੂੰ ਯਕੀਨੀ ਬਣਾਉਣ ਦੇ ਲਈ, ਕਿ ਉਹ ਕਹਾਣੀ ਵਿਚਲਾ ਪੁਰਖ ਹੀਰੋ ਹੈ।[17] ਮਨੁੱਖ ਦੇ ਇਤਹਾਸ ਦੇ ਸ਼ੁਰੂ ਤੋਂ ਹੀ ਸੰਖਿਆ “7” ਨੂੰ ਸੰਪੂਰਨਤਾ ਅਤੇ ਸਿੱਧਤਾ ਦਾ ਪ੍ਰਤੀਕ ਮੰਨਿਆ ਗਿਆ ਹੈ, ਕਿਉਂਕਿ ਪਰਮੇਸ਼ੁਰ ਦੀ ਸਰਿਸ਼ਟੀ ਅਤੇ ਵਿਸ਼ਰਾਮ ਸੱਤਾਂ ਦਿਨਾਂ ਵਿਚ ਪੂਰੇ ਅਤੇ ਸਿੱਧ ਹੋਏ ਸਨ (1:1-2:3)। ਕਇਨ ਦੇ ਨਾਲ ਸ਼ੁਰੂ ਹੋਣ ਵਾਲੀ ਆਦਮ ਦੀ ਬੰਸਾਵਲੀ ਦਾ ਨਾਮ ਲਾਮਕ ਦੇ ਬੱਚਿਆਂ ਦੇ ਨਾਮ ਨਾਲ ਸਮਾਪਤ ਹੁੰਦਾ ਹੈ, ਅਤੇ ਇਸ ਵਿਚ ਸੱਤ ਪੀੜ੍ਹੀਆਂ ਹਨ, ਪਰ ਦਸਾਂ ਨਰ ਮੈਂਬਰਾਂ ਦੀ ਸੂਚੀ ਬਣਾਈ ਗਈ ਹੈ, ਜਿਨ੍ਹਾਂ ਵਿਚ ਲਾਮਕ ਦੇ ਤਿੰਨ ਪੁੱਤ ਵੀ ਸ਼ਾਮਲ ਹਨ (4:17-22)।[18]

ਜੇਕਰ ਗਿਣਤੀ ਆਦਮ ਤੋਂ ਸ਼ੁਰੂ ਹੁੰਦੀ ਹੈ ਅਤੇ ਕਇਨ ਦੇ ਦੁਆਰਾ ਉਸ ਦੀ ਸੰਤਾਨ ਨੂੰ ਸ਼ਾਮਲ ਕੀਤਾ ਗਿਆ ਹੈ, ਤਾਂ “ਲਾਮਕ” ਖਾਤੇ ਵਿਚਲਾ ਸੱਤਵਾਂ ਨਾਮ ਹੈ। ਯਕੀਨਨ, ਜਲ ਪਰਲੋ ਤੋਂ ਪਹਿਲਾਂ ਕਇਨ ਦੀ ਪੀੜ੍ਹੀ ਵਿਚ ਸੂਚੀਬੱਧ ਲੋਕਾਂ ਦੀ ਤੁਲਨਾ ਵਿਚ ਵਧੇਰੇ ਸੰਤਾਨ ਸ਼ਾਮਲ ਸੀ, ਕਿਉਂਕਿ ਲੇਖਕ ਨੇ ਸੇਥ ਦੀਆਂ ਪੀੜ੍ਹੀਆਂ ਦੇ ਵਿਸ਼ੇ ਵਿਚ ਦੱਸਿਆ ਸੀ। ਉਸ ਨੇ ਆਦਮ ਤੋਂ ਸ਼ੁਰੂ ਕੀਤਾ, ਸੇਥ ਤੋਂ ਉੱਨਤ ਹੋਇਆ, ਅਤੇ ਨੂਹ ਨਾਲ ਸਮਾਪਤੀ ਕੀਤੀ (5:1-29)। ਉਤਪਤ ਦਾ ਲੇਖਕ ਲਾਮਕ ਦੇ ਨਾਮ ਨੂੰ ਸੂਚੀ ਵਿਚ ਸੱਤਵੇਂ ਸਥਾਨ ਤੇ ਕਿਉਂ ਰੱਖੇਗਾ ਜਿਸ ਵਿਚ ਦੱਸ ਦੇ ਦੱਸ ਨਾਮ ਰੱਖੇ ਜਾ ਸਕਦੇ ਹਨ, ਇਸ ਆਧਾਰ ਤੇ ਕਿ ਉਨ੍ਹਾਂ ਦੀ ਗਣਨਾ ਕਿਵੇਂ ਕੀਤੀ ਜਾ ਸਕਦੀ ਹੈ? ਹੋ ਸਕਦਾ ਹੈ ਕਿ ਉਹ ਉਸ ਦੁਸ਼ਟਤਾ ਅਤੇ ਹਿੰਸਾ ਦੀ ਉਚਾਈ (ਪੂਰਣਤਾ) ਤੇ ਜ਼ੋਰ ਦੇਣਾ ਚਾਹੁੰਦਾ ਹੋਵੇ ਜਿਸ ਤੇ ਲਾਮਕ ਪਹੁੰਚਿਆ ਸੀ, ਜਦੋਂ ਉਸ ਨੇ ਸੱਤਾਂ ਪੀੜ੍ਹਆਂ ਦੇ ਵਿਚਕਾਰ ਹੱਤਿਆ ਦੀ ਮਹਿਮਾ ਕੀਤੀ ਸੀ।

ਆਖਿਰਕਾਰ, ਅਜਿਹਾ ਘ੍ਰਿਣਾਯੋਗ ਅਤੇ ਦੁਸ਼ਮਣੀ ਵਾਲਾ ਰਵੱਈਆ ਵਿਆਪਕ ਹਿੰਸਾ ਅਤੇ ਕਤਲ ਵਿਚ ਸਮਾਪਤ ਹੁੰਦਾ ਹੈ। ਇਹ ਲਗਭਗ ਸਾਰੇ ਸਮਾਜ ਵਿਚ ਆ ਗਿਆ ਸੀ ਅਤੇ ਨੂਹ ਦੇ ਸਮੇਂ ਵਿਚ ਮਹਾਨ ਜਲ ਪਰਲੋ ਦੇ ਦੁਆਰਾ ਪਰਮੇਸ਼ੁਰ ਦੇ ਨਿਆਂ ਨੂੰ ਲਿਆਂਦਾ। ਸ਼ਾਇਦ ਪਰਮੇਸ਼ੁਰ ਅੰਤਿਮ ਪੀੜ੍ਹੀਆਂ ਦੇ ਉਨ੍ਹਾਂ ਦੁਸ਼ਟ ਅਤੇ ਹਿੰਸਕ ਲੋਕਾਂ ਦੇ ਨਾਵਾਂ ਨੂੰ ਬਰਕਰਾਰ ਨਹੀਂ ਰੱਖਣਾ ਚਾਹੁੰਦਾ ਸੀ ਜੋ ਸੰਸਾਰ ਨੂੰ ਖਤਮ ਕਰਨ ਵਾਲੀਆਂ ਕੁਦਰਤੀ ਆਫਤਾਂ ਦੇ ਲਈ ਜ਼ਿੰਮੇਵਾਰ ਸਨ। ਇੰਝ ਜਾਪਦਾ ਸੀ ਜਿਵੇਂ ਲਾਮਕ (4:23, 24) ਦਾ ਬਦਲਾ ਲੈਣ ਵਾਲਾ ਆਤਮਾ ਉਨ੍ਹਾਂ ਵਿਚੋਂ ਹਰੇਕ ਬੁਰੇ ਚਰਿੱਤਰ ਵਾਲਿਆਂ ਦੇ ਉੱਤੇ ਠਹਿਰਿਆ ਹੋਇਆ ਸੀ।

ਕਇਨ ਦੀ ਬੰਸਾਵਲੀ ਦੇ ਸੰਬੰਧ ਵਿਚ, ਸੰਖਿਆ “7” ਉੱਤੇ ਵਿਸ਼ੇਸ਼ ਧਿਆਨ ਦਿੱਤਾ ਜਾਣਾ ਚਾਹੀਦਾ ਹੈ ਅਤੇ ਇਸ ਨੂੰ ਲਾਮਕ ਦੇ ਬਿਆਨ ਦੇ ਨਾਲ ਗੁਣਾਂ ਕੀਤਾ ਜਾਣਾ ਚਾਹੀਦਾ ਹੈ। ਇਹ ਪਾਠਕ ਨੂੰ ਮਹੱਤਵਪੂਰਣ ਸਥਾਨ ਦੇ ਲਈ ਤਿਆਰ ਕਰਦਾ ਹੈ ਕਿ ਸੰਖਿਆ “7” ਅਧਿਆਇ 5 ਵਿਚ ਵੀ ਹੈ। ਸੇਥ ਦੁਆਰਾ ਆਉਣ ਵਾਲੀਆਂ ਆਦਮ ਦੀਆਂ ਪੀੜ੍ਹੀਆਂ ਵਿਚ ਹਨੋਕ ਸੱਤਵੀਂ ਪੀੜ੍ਹੀ ਵਿਚ ਆਉਂਦਾ ਹੈ (5:1-19)। ਲਾਮਕ ਅਤੇ ਹਨੋਕ ਦੋਵਾਂ ਨੂੰ ਆਦਮ (ਵੱਖੋ ਵੱਖਰੀਆਂ ਲਾਈਨਾਂ ਦੇ ਰਾਹੀਂ) ਦੀ ਸੱਤਵੀਂ ਪੀੜ੍ਹੀ ਦੇ ਰੂਪ ਵਿਚ ਦਰਸਾਇਆ ਗਿਆ ਹੈ; ਪਰ, ਜਦਕਿ ਸਾਬਕਾ ਵਿਅਕਤੀਗਤ ਬੁਰਾਈ ਜਦੋਂ ਉਸ ਨੇ ਸੱਤਰ ਤੋਂ ਸੱਤ ਗੁਣਾ ਬਦਲੇ ਦੀ ਇੱਛਾ ਦੀ ਪੂਰਤੀ ਕੀਤੀ, ਬਾਅਦ ਵਿਚ ਇੱਕ ਵਫ਼ਾਦਾਰ ਅਤੇ ਧਰਮੀ ਮਨੁੱਖ ਸੰਸਾਰ ਜਿਸ ਦੇ ਯੋਗ ਨਹੀਂ ਸੀ। ਇਸ ਲਈ,

"ਪਰਮੇਸ਼ੁਰ ਨੇ ਉਸ ਨੂੰ ਲੈ ਲਿਆ" (5:24)।

ਮੱਤੀ ਦੀ ਇੰਜੀਲ ਵਿਚ ਯਿਸੂ ਦੀ ਬੰਸਾਵਲੀ ਵਿਚ ਸੰਖਿਆ "7" ਦਾ ਇਸਤੇਮਾਲ ਅਤੇ ਇਸ ਵਿਚਲੇ ਫਰਕ ਨੂੰ ਲੂਕਾ ਦੀ ਬੰਸਾਵਲੀ ਤੋਂ, ਉਸ ਦੇ ਨਾਲ ਨਾਲ ਕੁਝ ਪੁਰਾਣੇ ਨੇਮ ਦੇ ਖਾਤਿਆਂ ਦੁਆਰਾ, ਜਾਂਚਿਆ ਜਾ ਸਕਦਾ ਹੈ। ਮੱਤੀ 1:1-17 ਅਬਰਾਹਾਮ ਤੋਂ ਯਿਸੂ ਤੱਕ ਬਤਾਲੀ ਪੀੜ੍ਹੀਆਂ ਨੂੰ ਸੂਚੀਬੱਧ ਕਰਦਾ ਹੈ, ਅਤੇ ਇਸ ਨੂੰ ਚੌਦਾਂ ਪੀੜ੍ਹੀਆਂ ਦੇ ਤਿੰਨਾਂ ਸਮੂਹਾਂ ਵਿਚ ਭਾਗ ਕੀਤੀਆਂ ਹੋਈਆਂ ਹਨ (7×2)। ਹਾਲਾਂਕਿ, ਇਨ੍ਹਾਂ ਸੰਖਿਆਵਾਂ ਤੇ ਪਹੁੰਚਣ ਦੇ ਲਈ, ਮੱਤੀ ਨੇ "ਯਕਾਨਯਾਹ" ਨਾਮ ਨੂੰ ਦੋ ਵਾਰ ਇਸਤੇਮਾਲ ਕੀਤਾ, ਇੱਕ ਵਾਰ ਦੂਸਰੇ ਸਮੂਹ ਦੇ ਆਖਰੀ ਨਾਮ ਦੇ ਰੂਪ ਵਿਚ ਅਤੇ ਦੂਸਰੀ ਵਾਰ ਤੀਸਰੇ ਸਮੂਹ ਦੇ ਪਹਿਲੇ ਨਾਮ ਵਾਸਤੇ (ਮੱਤੀ 1:11, 12)।

ਲੂਕਾ 3:23-38 ਵਿਚਲੀ ਬੰਸਾਵਲੀ ਵਿਚ ਪਹਿਲਾਂ ਦੋ ਸਮੂਹਾਂ ਨੂੰ ਸੂਚੀਬੱਧ ਕਰਦੀ ਹੈ, ਹਰੇਕ ਸਮੂਹ ਵਿਚ ਇੱਕੀ ਇੱਕੀ ਪੀੜ੍ਹੀਆਂ ਸ਼ਾਮਲ ਹਨ (7×3), ਯਿਸੂ ਤੋਂ ਪਿੱਛੇ ਦਾਊਦ ਤੱਕ। ਫਿਰ, ਦਾਊਦ ਤੋਂ ਅਬਰਾਹਾਮ, ਇਹ ਚੌਦਾਂ ਪੀੜ੍ਹੀਆਂ ਦੇ ਨਾਮ ਰੱਖਦਾ ਹੈ (7×2)। ਆਖਿਰਕਾਰ, ਇਹ ਇੱਕੀ ਪੀੜ੍ਹੀਆਂ ਦਾ ਖਾਤਾ ਹੈ (7×3) ਜੋ ਅਬਰਾਹਾਮ ਤੋਂ ਆਦਮ ਤੱਕ ਹੈ। ਯਿਸੂ ਤੋਂ ਪਿੱਛੇ ਆਦਮ ਤੱਕ ਪੀੜ੍ਹੀਆਂ ਦੀ ਕੁੱਲ ਸੰਖਿਆ ਸਤੱਤਰ ਗਿਣੀ ਗਈ (7×11)। ਹੇਠਾਂ ਲਿਖਿਆਂ ਦਾ ਲੂਕਾ ਵਿਚ ਪ੍ਰਮੁੱਖ ਉਲੇਖ ਦਿੱਤਾ ਗਿਆ ਹੈ: ਹਨੋਕ ਸੱਤਵਾਂ ਹੈ, ਸ਼ਲਹ ਚੌਦਵਾਂ ਹੈ, ਅਤੇ ਅਬਰਾਹਾਮ ਇੱਕਵੇਂ ਸਥਾਨ ਤੇ ਹੈ। ਅੰਮੀਨਾਦਾਬ ਅਠਾਈਵਾਂ ਹੈ, ਦਾਊਦ ਪੈਂਤੀਵਾਂ, ਅਤੇ ਯੂਸੁਫ਼, ਯੰਨਾਈ ਦਾ ਪੁੱਤਰ, ਬਤਾਲੀਵੇਂ ਸਥਾਨ ਤੇ ਰੱਖਿਆ ਗਿਆ ਹੈ। ਜਿਵੇਂ ਕਿ ਗਿਣਤੀ ਜਾਰੀ ਹੈ, ਯੋਸੇ, ਅਲੀਅਜ਼ਰ ਦਾ ਪੁੱਤ, ਉਨਿੱਜਵੇਂ ਸਥਾਨ ਤੇ, ਸ਼ਅਲਤੀਏਲ ਛਪਿੰਜਵੇਂ ਸਥਾਨ ਤੇ, ਅਤੇ ਮੱਤਿਥਯਾਹ, ਸ਼ਿਮਈ ਦਾ ਪੁੱਤਰ ਤਰੇਂਠਵੇਂ ਸਥਾਨ ਤੇ ਹੈ। ਯੂਸੁਫ਼, ਮੱਤਿਥਯਾਹ ਦਾ ਪੁੱਤਰ, ਸੱਤਰਵੇਂ ਦੇ ਰੂਪ ਵਿਚ ਇਕੱਲਾ ਕੀਤਾ ਗਿਆ ਹੈ; ਆਖਿਰਕਾਰ, ਯਿਸੂ, ਕਾਨੂੰਨੀ ਤੌਰ ਤੇ "ਯੂਸੁਫ਼ ਦਾ ਪੁੱਤਰ" ਸੱਤਤਰਵੇਂ ਸਥਾਨ ਸੀ (7×11) ਜੋ ਆਦਮ ਦਾ ਭੌਤਿਕ ਵੰਸ ਹੈ।[19]

ਆਧੁਨਿਕ ਨਿਰੀਖਕ ਜੋ ਮੱਤੀ ਵਿਚ ਦਰਜ ਪੀੜ੍ਹੀਆਂ ਦੀ ਸੰਖਿਆ ਅਤੇ ਲੂਕਾ ਦੇ ਬਿਰਤਾਂਤ ਵਿਚ ਫਰਕ ਵੇਖਣ ਦੇ ਵੇਲੇ ਅਕਸਰ ਪਰੇਸ਼ਾਨ ਹੋ ਜਾਂਦੇ ਹਨ। ਉਨ੍ਹਾਂ ਨੂੰ ਡਰ ਹੈ ਕਿ ਅਜਿਹੀਆਂ ਉਲਝਣਾਂ ਦੇ ਕਾਰਣ ਵਚਨਾਂ ਦੀ ਪ੍ਰੇਰਣਾ ਅਤੇ ਅਧਿਕਾਰ ਤੇ ਸ਼ੱਕ ਪੈਦਾ ਹੋ ਸਕਦਾ ਹੈ। ਪਰ, ਇਹ ਇੱਕ ਗਲਤੀ ਹੈ ਪੁਰਾਣੇ ਬਾਈਬਲ ਦੇ ਲੇਖਕਾਂ ਨੂੰ ਵਰਤਮਾਨ ਲੇਖਾਕਾਰਾਂ ਦੀ ਮਾਨਸਿਕਤਾ ਵਿਚ ਮਜ਼ਬੂਰ ਕਰਨ ਦੀ ਕੋਸ਼ਿਸ਼ ਕਰਨ ਵਾਲਾ ਜਾਂ ਬੰਸਾਵਲੀਵਾਦੀ ਹਰੇਕ ਚੀਜ਼ ਨੂੰ ਸੂਚੀਬੱਧ ਕਰਨਾ ਚਾਹੁੰਦਾ ਹੈ ਅਤੇ ਪੀੜ੍ਹੀਆਂ ਦੀ ਪੂਰੀ ਸੰਖਿਆ ਬਿਲਕੁਲ ਉਸੇ ਤਰ੍ਹਾਂ ਰਹਿੰਦੀ ਹੈ। ਅੱਜ ਦੇ ਵਿਸ਼ਲੇਸ਼ਕਾਂ ਦੀ ਤੁਲਨਾ ਵਿਚ ਬਾਈਬਲ ਦੇ ਲੇਖਕਾਂ ਦੀਆਂ ਪ੍ਰਮੁੱਖਤਾਵਾਂ ਵੱਖਰੀਆਂ ਸਨ, ਅਤੇ ਉਨ੍ਹਾਂ ਦਾ ਉਦੇਸ਼ ਪਿਤਾ/ਪੁੱਤਰ ਦੇ ਹਰ ਰਿਸ਼ਤੇ ਨੂੰ ਜਲਦੀ ਨਾਲ ਸੂਚੀਬੱਧ ਕਰ ਦੇਣਾ ਹੀ ਨਹੀਂ ਸੀ। ਉਹ ਨਿਸ਼ਚਤ ਤੌਰ ਤੇ ਇਤਹਾਸਕ ਅਤੇ ਧਾਰਮਿਕ ਕਾਰਣਾਂ ਦੇ ਕਾਰਣ ਬੰਸਾਵਲੀਆਂ ਨੂੰ ਸੂਚੀਬੱਧ ਕਰ ਰਹੇ ਸਨ, ਪਰ ਅਕਸਰ ਸੰਖਿਆਵਾਂ/ਅਤੇ ਸ਼ੈਲੀਗਤ ਵਿਚਾਰਾਂ ਦੇ ਪ੍ਰਤੀਕਾਤਮਕ ਉਪਯੋਗ ਨੇ ਇਸ ਵਿਚ ਸ਼ਾਮਲ ਹੋ ਕੇ ਮਹੱਤਵਪੂਰਣ ਭੂਮਿਕਾ ਨਿਭਾਈ ਸੀ।

ਜਾਹਿਰ ਹੈ, ਕਿ ਸੰਖਿਆ "7" ਦੋਵਾਂ ਮੱਤੀ ਅਤੇ ਲੂਕਾ, ਦੇ ਲਈ ਮਹੱਤਵਪੂਰਣ ਸੀ ਕਿਉਂਕਿ ਇਸ ਸੰਖਿਆ ਅਤੇ ਗੁਣਜ ਦੋਨਾਂ ਦੇ ਆਧਾਰ ਤੇ ਬੰਸਾਵਲੀਆਂ ਦਾ ਨਿਰਮਾਣ ਕੀਤਾ ਗਿਆ ਹੈ। ਵੱਖ ਵੱਖ ਮਿਆਰਾਂ ਨਿਰਧਾਰਤ ਕੀਤੀਆਂ ਗਈਆਂ ਪੀੜ੍ਹੀਆਂ ਦੀ ਗਿਣਤੀ ਵਿਚ ਅੰਤਰ, ਗਲਤ ਸੂਚਨਾ ਜਾਂ ਲਾਪਰਵਾਹੀ ਦੇ ਨਾਲ ਰਿਕਾਰਡ ਰੱਖਣ ਦੇ ਕਾਰਣ ਨਹੀਂ ਹਨ, ਪਰ ਲੇਖਕਾਂ ਦੇ ਫੈਸਲੇ ਦੇ ਨਾਲ ਦਾਊਦ ਤੋਂ ਮਸੀਹ ਦੇ ਪੂਰਵਜਾਂ ਨੂੰ ਦੋ ਵੱਖ ਵੱਖ ਲਾਈਨਾਂ ਵਿਚ ਰੱਖਿਆ ਗਿਆ ਹੈ। ਸੂਚੀਆਂ ਵਿਚ ਕੁਝ ਵੱਖਰੇ ਵੱਖਰੇ ਲੋਕਾਂ ਨੂੰ ਸ਼ਾਮਲ ਕੀਤਾ ਗਿਆ ਹੈ, ਪਰ ਦੋਵੇਂ "7" ਜਾਂ ਉਸ

ਦੇ ਗੁਣਕਾਂ ਦੇ ਆਧਾਰ ਤੇ ਸਮੂਹ ਦਾ ਉਪਯੋਗ ਕਰਦੇ ਹਨ।

ਮੱਤੀ ਨੇ ਜਾਣ ਬੁੱਝ ਕੇ ਆਪਣੇ ਲੇਖ ਵਿਚੋਂ ਨਾਮਾਂ ਨੂੰ ਮਿਟਾ ਦਿੱਤਾ ਹੈ। ਉਦਾਹਰਣ ਦੇ ਤੌਰ, ਭਾਵੇਂ ਮੱਤੀ 1:8 ਵਿਚ ਉੱਜ਼ੀਯਾਹ ਨੂੰ ਯੋਰਾਮ ਤੋਂ ਤੁਰੰਤ ਬਾਅਦ ਸੂਚੀਬੱਧ ਕੀਤਾ ਗਿਆ ਸੀ, ਭਾਵੇਂ ਉਹ ਉਸਦਾ ਪੁੱਤਰ ਸੀ, ਪਰ ਪੁਰਾਣੇ ਨੇਮ ਦੀਆਂ ਇਤਿਹਾਸਕ ਕਿਤਾਬਾਂ ਸਾਨੂੰ ਤਿੰਨਾਂ ਰਾਜਿਆਂ ਦੇ ਵਿਸ਼ੇ ਵਿੱਚ ਗੱਲ ਕਰਦੀਆਂ ਹਨ ਜਿਨ੍ਹਾਂ ਨੇ ਯੋਰਾਮ ਅਤੇ ਉੱਜ਼ੀਯਾਹ (ਜਿਸ ਨੂੰ ਅਜ਼ਰਯਾਹ[20] ਵੀ ਕਿਹਾ ਜਾਂਦਾ ਹੈ) ਦੇ ਦਰਮਿਆਨ ਯਹੂਦਾਹ ਵਿਚ ਰਾਜ ਕੀਤਾ ਸੀ। ਗੈਰ ਹਾਜ਼ਰ ਰਾਜੇ ਸਨ ਅਹਜ਼ਯਾਹ, ਅਤੇ ਉਹ ਦਾ ਪੁੱਤ੍ਰ ਯੋਆਸ਼ (ਜਾਂ ਯੇਹੋਆਸ਼), ਅਹਜ਼ਯਾਹ (1 ਇਤਹਾਸ 3:11, 12; ਵੇਖੋ 2 ਰਾਜਿਆਂ 8:24; 12:1; 14:1)। ਜਦਕਿ NASB ਅਨੁਵਾਦ ਕਹਿੰਦਾ ਹੈ ਕਿ ਯੋਰਾਮ "ਉੱਜ਼ੀਯਾਹ ਦਾ ਪਿਤਾ" ਸੀ, ASV ਅਨੁਵਾਦ ਕਹਿੰਦਾ ਹੈ ਕਿ ਯੋਰਾਮ ਉੱਜ਼ੀਯਾਹ ਤੋਂ "ਪੈਦਾ ਹੋਇਆ।" ਭਾਵੇਂ ਇਹ ਪੁਰਾਤਨ ਹੈ, ਪਰ ਇਸ ਤੋਂ ਬਾਅਦ ਦਾ ਅਨੁਵਾਦ ਹੋਰ ਵੀ ਸ਼ਾਬਦਿਕ ਤੌਰ ਤੇ ਯੂਨਾਨੀ ਕਿਰਿਆ γεννάω (*ਗੇਨਾਓ*)[21] ਦੇ ਸਾਰ ਤੋਂ ਲਿਆ ਜਾਂਦਾ ਹੈ। ਇਹ ਪਾਠਕਾਂ ਨੂੰ ਇਹ ਸਮਝਣ ਦੇ ਵਿਚ ਮਦਦ ਕਰਦਾ ਹੈ ਕਿ, ਬਾਈਬਲ ਦੇ ਉਪਯੋਗ ਵਿਚ, "ਪੈਦਾ ਹੋਇਆ" ਹਮੇਸ਼ਾ ਪਿਤਾ/ਪੁੱਤਰ ਦੇ ਸੰਬੰਧਾਂ ਦਾ ਉਲੇਖ ਨਹੀਂ ਕਰਦਾ ਹੈ। ਕਦੀ ਕਦੀ ਇਹ ਸਿਰਫ ਇੱਕੋ ਪੂਰਵਜ ਵੱਲ ਇਸ਼ਾਰਾ ਕਰਦਾ ਹੈ ਜਿਸ ਦੀ ਪੀੜ੍ਹੀ ਵਿਚੋਂ ਬਹੁਤ ਸਾਰੇ ਵੰਸ਼ਾਂ ਨੂੰ ਹਟਾ ਦਿੱਤਾ ਗਿਆ ਹੋਵੇ, ਜਿਵੇਂ ਯੋਰਾਮ ਦੇ ਨਾਲ ਹੋਇਆ ਸੀ, ਜੋ ਅਸਲ ਵਿਚ ਉੱਜ਼ੀਯਾਹ ਦੇ ਦਾਦੇ ਦਾ ਪੜਦਾਦਾ ਸੀ।

ਇਸ ਯੂਨਾਨੀ ਸ਼ਬਦ ਦਾ ਇਬਰਾਨੀ ਰੂਪ יָלַד (*ਯਾਲਾਦ*) ਹੈ ਜਿਸ ਦੀ ਵਰਤੋਂ ਉਤਪਤ ਦੀ ਪੁਸਤਕ ਅਤੇ ਪੁਰਾਣੇ ਨੇਮ ਦੀਆਂ ਹੋਰਨਾਂ ਵੰਸ਼ਾਵਲੀਆਂ ਵਿੱਚ ਉਸ ਪਿਤਾ ਦੇ ਸੰਬੰਧ ਵਿੱਚ ਹੋਈ ਹੈ ਜਿਸ ਨੇ ਇੱਕ ਪੁੱਤਰ "ਜੰਮਿਆ।" ਪਰ ਇਹ ਚੇਤੇ ਰੱਖਿਆ ਜਾਣਾ ਚਾਹੀਦਾ ਹੈ ਕਿ ਇਸ ਸ਼ਬਦ ਦਾ ਅਰਥ ਹਮੇਸ਼ਾ ਅਗਲੀ ਪੀੜ੍ਹੀ ਨਹੀਂ ਹੁੰਦਾ। ਪੌਲ ਆਰ. ਗਿਲਕ੍ਰਿਸਟ ਨੇ ਸਮਝਾਇਆ, "ਇਬਰਾਨੀ ਵਿਚਾਰਧਾਰਾ ਅਨੁਸਾਰ ਇੱਕ ਵਿਅਕਤੀ ਜਦ ਕਿਸੇ ਬਾਲਕ ਨੂੰ ਜਨਮ ਦਿੰਦਾ ਹੈ ਤਾਂ ਉਹ ਉਸ ਬਾਲਕ ਤੋਂ ਪੈਦਾ ਹੋਣ ਵਾਲੇ ਸਾਰੀ ਅੰਸ ਦਾ ਪਿਤਾ ਜਾਂ ਪੁਰਖਾ ਬਣ ਜਾਂਦਾ ਹੈ।"[22] ਇਹ ਮੱਤੀ ਵੱਲੋਂ ਇਸਤੇਮਾਲ ਕੀਤੇ ਗਏ ਸ਼ਬਦਾਂ ਨਾਲ ਮੇਲ ਖਾਂਦਾ ਹੈ, ਜਿਸ ਵਿੱਚ ਯਿਸੂ ਨੂੰ "ਦਾਊਦ ਦਾ ਪੁੱਤ੍ਰ, ਅਬਰਾਹਾਮ ਦਾ ਪੁੱਤ੍ਰ" (ਮੱਤੀ 1:1) ਆਖਿਆ ਗਿਆ ਹੈ। ਮੱਤੀ ਦੇ ਕਹਿਣ ਦਾ ਭਾਵ ਸਪੱਸ਼ਟ ਤੌਰ 'ਤੇ ਇਹ ਨਹੀਂ ਸੀ ਕਿ ਯਿਸੂ ਅਬਰਾਹਾਮ ਜਾਂ ਦਾਊਦ ਤੋਂ ਅਗਲੀ ਹੀ ਪੀੜ੍ਹੀ ਦਾ ਸੀ; ਪਰ ਕਿਉਂ ਜੋ ਉਹ ਇਨ੍ਹਾਂ ਦੋਹਾਂ ਦੀ ਪੀੜ੍ਹੀ ਵਿੱਚੋਂ ਸੀ ਇਸ ਕਰਕੇ ਉਹ ਦੋਵੇਂ ਇਸ ਦੇ ਪਿਤਾ ਅਖਵਾਏ ਜਾਂਦੇ ਸਨ।

ਮੱਤੀ ਦੀ ਵੰਸ਼ਾਵਲੀ ਵਿੱਚ ਇੱਕ ਹੋਰ ਰਾਜਾ, ਯਹੋਯਾਕੀਮ, ਦਾ ਨਾਮ ਛੱਡ ਦਿੱਤਾ ਗਿਆ ਹੈ ਅਤੇ ਯਹੋਯਾਕੀਨ (ਯਕਾਨਯਾਹ; ਮੱਤੀ 1:11) ਦਾ ਨਾਮ ਲਿਖਿਆ ਗਿਆ ਹੈ ਜਿਵੇਂ ਕਿ ਉਹ ਯੋਸੀਯਾਹ ਦਾ ਪੁੱਤਰ ਹੋਵੇ। ਅਸਲੀਅਤ ਵਿੱਚ ਉਹ ਯੋਸੀਯਾਹ ਦਾ ਪੋਤਰਾ ਸੀ (2 ਰਾਜਿਆਂ 23:34; 24:1-6)।

ਇਸ ਤਰ੍ਹਾਂ ਵੰਸ਼ਾਵਲੀਆਂ ਵਿੱਚੋਂ ਨਾਮ ਹਟਾਏ ਜਾਣ ਦੀ ਰੀਤ ਨੂੰ ਨਵੇਂ ਅਤੇ ਪੁਰਾਣੇ, ਦੋਹਾਂ ਨੇਮਾਂ ਵਿੱਚ ਵੇਖਿਆ ਜਾ ਸਕਦਾ ਹੈ। ਪੁਰਾਣੇ ਨੇਮ ਵਿੱਚ ਇਸ ਤਰ੍ਹਾਂ ਨਾਮ ਹਟਾਏ ਜਾਣ ਦੇ ਇੱਕ ਹੋਰ ਉਦਾਹਰਣ ਨੂੰ ਅਜ਼ਰਾ ਵੱਲੋਂ ਦਿੱਤੀ ਗਈ ਜਾਜਕਾਂ ਦੀ ਵੰਸ਼ਾਵਲੀ ਵਿੱਚ ਵੇਖਿਆ ਜਾ ਸਕਦਾ ਹੈ (ਅਜ਼ਰਾ 7:1-5 ਅਤੇ 1 ਇਤਹਾਸ 6:3-15 ਦੀ ਤੁਲਨਾ ਕਰੋ)। ਅਜ਼ਰਾ ਦੀ ਸੂਚੀ ਵਿੱਚ 1 ਇਤਹਾਸ ਦੀ ਤੁਲਨਾ ਵਿੱਚ ਛੇ ਨਾਮ ਘੱਟ ਹਨ, ਜੋ ਦਰਸਾਉਂਦਾ ਹੈ ਕਿ ਲੇਖਕ ਅਜ਼ਰਾ ਦੇ ਜਾਜਕ ਕੁਲ ਦਾ ਵਿਸਤ੍ਰਿਤ ਲੇਖਾ ਦੇਣ ਦੀ ਬਜਾਇ ਸੰਖੇਪ ਲੇਖਾ ਦੇ ਰਿਹਾ ਸੀ। ਅਜ਼ਰਾ ਦੀ

ਵੰਸ਼ਾਵਲੀ ਦਾ ਮੁੱਖ ਉਦੇਸ਼ ਹਾਰੂਨ ਤੱਕ ਵਾਪਿਸ ਜਾਂਦਿਆਂ ਹਰੇਕ ਪੀੜ੍ਹੀ ਨੂੰ ਦਰਜ ਕਰਨਾ ਨਹੀਂ ਸੀ, ਸਗੋਂ ਉਸ ਨੂੰ ਪਹਿਲੇ ਮਹਾਂਜਾਜਕ ਦੀ ਸਿੱਧੀ ਅੰਸ ਵਜੋਂ ਪ੍ਰਮਾਣਿਤ ਕਰਨਾ ਸੀ। ਇਸ ਤਰ੍ਹਾਂ ਅਜ਼ਰਾ ਨੂੰ ਇਹ ਅਧਿਕਾਰ ਪ੍ਰਾਪਤ ਹੁੰਦਾ ਸੀ ਕਿ ਉਹ ਪਰਮੇਸ਼ੁਰ ਦੇ ਜਾਜਕ ਦੀ ਭੂਮਿਕਾ ਅਦਾ ਕਰੇ ਅਤੇ 458 ਈ.ਪੂ. ਵਿੱਚ ਗੁਲਾਮੀ ਤੋਂ ਯਰੂਸ਼ਲਮ ਵਾਪਿਸ ਆਏ ਲੋਕਾਂ ਦੇ ਸਮਾਜ ਵਿੱਚ ਲੋੜੀਂਦੇ ਸੁਧਾਰ ਕਰੇ।[23]

*ਸਿੱਟਾ।* ਜਿਸ ਤਰ੍ਹਾਂ ਦੀਆਂ ਦੂਰੀਆਂ ਇੱਥੇ ਵੇਖੀਆਂ ਗਈਆਂ ਹਨ ਉਹ ਉਤਪਤ ਵਿਚਲੀਆਂ ਵੰਸ਼ਾਵਲੀਆਂ ਵਿੱਚ ਵੀ ਹੋ ਸਕਦੀਆਂ ਹਨ। ਇਹ ਗੱਲ ਬਹੁਤ ਵਧੇਰੇ ਸੰਦੇਹਜਨਕ ਹੈ ਕਿ ਇਨ੍ਹਾਂ ਅਰੰਭਕ ਲੇਖਾਂ ਦੇ ਅਧਾਰ ’ਤੇ ਧਰਤੀ ਦੀ ਉਮਰ ਨਿਰਧਾਰਤ ਕਰਨ ਲਈ ਅਜਿਹਾ ਕ੍ਰਮ ਪੇਸ਼ ਕੀਤਾ ਜਾ ਸਕੇ ਜਿਹੜਾ ਪੂਰੀ ਤਰ੍ਹਾਂ ਸਟੀਕ ਹੋਵੇ। ਲਿਖੇ ਜਾਣ ਦੀ ਪ੍ਰਥਾ ਅਰੰਭ ਹੋਣ ਤੋਂ ਪਹਿਲਾਂ ਲੋਕ ਆਪਣੇ ਪੁਰਖਿਆਂ ਦੇ ਨਾਮ ਯਾਦ ਕਰਦੇ ਹੁੰਦੇ ਸਨ।[24] ਸਮਾਂ ਬੀਤਣ ਦੇ ਨਾਲ-ਨਾਲ ਇਹ ਸੂਚੀ ਐਨੀ ਲੰਮੀ ਹੋ ਜਾਂਦੀ ਸੀ ਕਿ ਸਿਰਫ ਮੁੱਖ ਲੋਕਾਂ ਦੇ ਨਾਮ ਹੀ ਚੇਤੇ ਰੱਖੇ ਜਾਂਦੇ ਸਨ। ਜਦ ਲੋਕਾਂ ਨੇ ਲਿਖਤ ਲੇਖਾ ਰੱਖਣਾ ਅਰੰਭ ਕੀਤਾ, ਤਦ ਪਰਮੇਸ਼ੁਰ ਨੇ ਮੂਸਾ ਨੂੰ ਜਾਂ ਕਿਸੇ ਹੋਰ ਨੂੰ ਪ੍ਰੇਰਿਤ ਕੀਤਾ ਕਿ ਉਹ ਇਸ ਅਰੰਭਕ ਲੇਖੇ ਨੂੰ ਦਰਜ ਕਰੇ। ਉਨ੍ਹਾਂ ਵਿੱਚ ਵੀ ਕਾਫੀ ਦੂਰੀਆਂ ਹੋ ਸਕਦੀਆਂ ਹਨ, ਜਿਵੇਂ ਕਿ ਇਸ ਨੂੰ ਪੁਰਾਣੇ ਨੇਮ ਵਿੱਚ ਅਤੇ ਨਵੇਂ ਨੇਮ ਵਿੱਚ ਵੀ ਵੇਖਿਆ ਜਾ ਸਕਦਾ ਹੈ। ਪਰ ਫਿਰ ਵੀ, ਐਨਾ ਲੇਖਾ ਤਾਂ ਦਰਜ ਕੀਤਾ ਹੀ ਗਿਆ ਹੈ ਕਿ ਸੰਪੂਰਣ ਇਤਹਾਸ ਵਿੱਚ ਪਰਮੇਸ਼ੁਰ ਦੇ ਉਦੇਸ਼ ਦੀ ਪੂਰਤੀ ਹੁੰਦਿਆਂ ਵੇਖੀ ਜਾ ਸਕਦੀ ਹੈ। ਇਸ ਨੂੰ ਪਹਿਲੇ ਆਦਮੀ ਅਤੇ ਇਸਤਰੀ ਤੋਂ ਲੈ ਕੇ ਅਣਗਿਣਤ ਪੀੜ੍ਹੀਆਂ ਵਿੱਚੋਂ ਹੁੰਦਿਆਂ ਮਸੀਹ ਤੱਕ ਪੁੱਜਦਿਆਂ ਵੇਖਿਆ ਜਾ ਸਕਦਾ ਹੈ ਜੋ ਪ੍ਰਤਿੱਗਿਆ ਕੀਤੇ ਹੋਏ “ਸੰਤਾਨ” ਵਜੋਂ ਆਇਆ (3:15)। ਹਾਲਾਂਕਿ ਕੁਝ ਨਾਮ ਹਟਾਏ ਗਏ ਹਨ ਅਤੇ ਦੂਰੀਆਂ ਮੌਜੂਦ ਹਨ, ਤਾਂ ਵੀ ਅਜਿਹਾ ਕੁਝ ਨਹੀਂ ਗੁਆਚਿਆ ਹੈ ਜਿਹੜਾ ਸਾਡੀ ਨਿਹਚਾ ਨੂੰ ਘਟਾ ਸਕੇ। ਮਹੱਤਵਪੂਰਣ ਨਾਮ ਅਤੇ ਘਟਨਾਵਾਂ ਸੁਰੱਖਿਅਤ ਹਨ ਤਾਂ ਜੋ ਸਾਨੂੰ ਪਤਾ ਚਲ ਸੱਕੇ ਕਿ ਅਖੀਰ ਵਿੱਚ “ਇਤਹਾਸ ਪਰਮੇਸ਼ੁਰ ਦੀ ਗਾਥਾ ਹੈ।” ਇਹ ਗਾਥਾ ਅਗਾਂਹ ਵਧਦਿਆਂ ਯੁੱਗਾਂ ਦੇ ਅੰਤ ਵੱਲ ਨੂੰ ਜਾ ਰਹੀ ਹੈ, ਜਦ ਪਰਮੇਸ਼ੁਰ ਸਭਨਾਂ ਵਸਤਾਂ ਨੂੰ ਯਿਸੂ ਮਸੀਹ ਵਿੱਚ ਸੰਪੂਰਣ ਕਰੇਗਾ (ਅਫ਼ਸੀਆਂ 1:10)।

### ਅਰੰਭਕ ਪੁਰਸ਼ਾਂ ਦਾ ਸੰਖੇਪ ਲੇਖਾ (ਅਧਿਆਇ 5)

ਅਜਿਹਾ ਜਾਪਦਾ ਹੈ ਕਿ ਹਨੋਕ ਦੇ ਵੇਰਵੇ ਤੋਂ ਇਲਾਵਾ ਅਧਿਆਇ 5 ਵਿੱਚ ਸਿੱਖਣ ਲਈ ਹੋਰ ਕੁਝ ਨਹੀਂ ਹੈ। ਇਸ ਵਿੱਚ ਦੁਹਰਾਈ ਗਈ ਸਮੱਗਰੀ ਹੈ ਅਤੇ ਪਹਿਲੀ ਨਜ਼ਰ ਵਿੱਚ ਇਹ ਨਾਮਾਂ ਅਤੇ ਉਮਰਾਂ ਦੀ ਸੂਚੀ ਤੋਂ ਥੋੜ੍ਹਾ ਜਿਹਾ ਵਧ ਕੇ ਪਰਤੀਤ ਹੁੰਦਾ ਹੈ। ਪਰ ਫਿਰ ਵੀ ਡੂੰਘਿਆਈ ਨਾਲ ਅਧਿਐਨ ਕਰਨ ਨਾਲ ਪਾਠਕ ਇਸ ਵੰਸ਼ਾਵਲੀ ਦੇ ਕੁਝ ਮਹੱਤਵਪੂਰਣ ਪੱਖਾਂ ਨੂੰ ਸਿਆਣ ਸਕਦਾ ਹੈ।

*ਅੱਜ ਦੀ ਤਰ੍ਹਾਂ ਹੀ ਉਸ ਸਮੇਂ ਦੇ ਲੋਕਾਂ ਦੀ ਵੀ ਮੌਤ ਹੁੰਦੀ ਸੀ।* ਹਨੋਕ ਨੂੰ ਛੱਡ ਕੇ ਇਸ ਅਧਿਆਇ ਵਿਚਲੀ ਸੂਚੀ ਵਿੱਚ ਦਿੱਤੇ ਗਏ ਬਾਕੀ ਸਾਰੇ ਲੋਕਾਂ ਦੀ ਉਮਰ ਸੱਤ ਸੌ ਤੋਂ ਲੈ ਕੇ ਇੱਕ ਹਜ਼ਾਰ ਵਰ੍ਹੇ ਤੱਕ ਹੋਈ। ਅਜਿਹੀ ਲੰਮੀ ਉਮਰ ਨੂੰ ਪਰਮੇਸ਼ੁਰ ਵੱਲੋਂ ਖਾਸ ਕਰਕੇ ਤਿਆਰ ਕੀਤਾ ਗਿਆ ਸੀ। ਪਹਿਲਾ, ਇਸ ਦੇ ਕਰਕੇ ਮਨੁੱਖਾਂ ਨੂੰ ਧਰਤੀ ਨੂੰ ਭਰਨ ਵਿੱਚ ਮਦਦ ਮਿਲੀ, ਜੋ ਕਿ ਉਨ੍ਹਾਂ ਨੂੰ ਸਰਿਸ਼ਟੀ ਦੀ ਸਿਰਜਣਾ ਵੇਲੇ ਦਿੱਤੇ ਗਏ ਪਹਿਲੇ ਹੁਕਮ ਦੇ ਅਨੁਸਾਰ ਸੀ, “ਫਲੋ ਅਰ ਵਧੋ ਅਰ ਧਰਤੀ ਨੂੰ ਭਰ ਦਿਓ” (1:28)। ਦੂਜਾ, ਲੰਮੇ ਜੀਵਨਕਾਲ ਦੇ ਕਾਰਣ ਮਨੁੱਖ ਨੂੰ ਮਿਲੇ ਪਰਮੇਸ਼ੁਰ ਦੇ ਪਰਕਾਸ਼ ਨੂੰ ਮੌਖਿਕ ਤੌਰ ’ਤੇ ਅਗਲੀਆਂ ਪੀੜ੍ਹੀਆਂ ਦੇ ਸਪੁਰਦ ਕੀਤੇ ਜਾਣਾ ਸੌਖਾ

ਹੋ ਗਿਆ। ਲਿਖਣ ਦੀ ਸ਼ੈਲੀ ਦਾ ਪਹਿਲੇ ਪ੍ਰਮਾਣ ਹੇਠਲੇ ਮਸੋਪੋਤਾਮੀਆ ਵਿੱਚ ਪੁਰਾਤਨ ਸੁਮੇਰ ਵਿੱਚੋਂ ਮਿਲੇ ਹਨ (3300 ਈ.ਪੂ.)[25]; ਇਸ ਕਰਕੇ ਆਦਮ ਦੀ ਮੌਤ ਤੋਂ ਲੈ ਕੇ ਮਨੁੱਖਾਂ ਦੁਆਰਾ ਲਿਖਣ ਦੀ ਸ਼ੈਲੀ ਨੂੰ ਵਿਕਸਿਤ ਕਰਨ ਦੇ ਲੰਮੇ ਅਰਸੇ ਦੇ ਦੌਰਾਨ ਪਰਮੇਸ਼ੁਰ ਵੱਲੋਂ ਦਿੱਤੇ ਗਏ ਕਿਸੇ ਵੀ ਪਰਕਾਸ਼ ਨੂੰ ਅਗਲੀ ਪੀੜ੍ਹੀ ਦੇ ਸਪੁਰਦ ਕਰਨ ਲਈ ਮੌਖਿਕ ਤੌਰ 'ਤੇ ਸੁਰੱਖਿਅਤ ਰੱਖਿਆ ਜਾਣਾ ਲਾਜ਼ਮੀ ਸੀ। ਇਨ੍ਹਾਂ ਸਮਿਆਂ ਦੇ ਦੌਰਾਨ ਅਬਾਦੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ, ਖੋਜਾਂ ਕੀਤੀਆਂ ਗਈਆਂ ਅਤੇ ਸਭਿਆਚਾਰਾਂ ਵਿੱਚ ਵਿਕਾਸ ਹੋਇਆ (ਵੇਖੋ 4:17-22); ਪਰ ਅਗਲੀਆਂ ਪੀੜ੍ਹੀਆਂ ਦੇ ਲਈ ਇਸ ਜਾਣਕਾਰੀ ਨੂੰ ਸੁਰੱਖਿਅਤ ਰੱਖਣ ਲਈ ਉਸ ਵੇਲੇ ਇਤਿਹਾਸਕਾਰ ਨਹੀਂ ਸਨ। ਮਨੁੱਖਾਂ ਦੀ ਲੰਮੀ ਉਮਰ ਨੇ ਉਸ ਵੇਲੇ ਉਹ ਕੰਮ ਕੀਤਾ ਜੋ ਅੱਜ ਪੁਸਤਕਾਂ ਕਰਦੀਆਂ ਹਨ: ਬਜ਼ੁਰਗ ਲੋਕ ਆਪਣੇ ਬੱਚਿਆਂ, ਪੋਤਿਆਂ ਅਤੇ ਪਰਪੋਤਿਆਂ ਨੂੰ ਉਨ੍ਹਾਂ ਘਟਨਾਵਾਂ ਦੀ ਜਾਣਕਾਰੀ ਦਿੰਦੇ ਸਨ ਜਿਨ੍ਹਾਂ ਨੂੰ ਉਨ੍ਹਾਂ ਨੇ ਪਰਤੱਖ ਵੇਖਿਆ ਸੀ ਅਤੇ ਉਹ ਸਭ ਵੀ ਜੋ ਉਨ੍ਹਾਂ ਦੇ ਪੁਰਖਿਆਂ ਨੇ ਉਨ੍ਹਾਂ ਨੂੰ ਦੱਸਿਆ ਸੀ।

ਪਰ ਇਸ ਲੰਮੀ ਉਮਰ ਨੇ ਮਨੁੱਖ ਦੀ ਬਦਕਾਰੀ ਨੂੰ ਵੀ ਵਧਾਇਆ ਹੋਵੇਗਾ। ਜਦ ਕਈ ਵਰ੍ਹਿਆਂ ਤੱਕ ਇਨਸਾਫ ਨਹੀਂ ਕੀਤਾ ਜਾਂਦਾ ਤਾਂ ਸਜ਼ਾ ਦੀ ਤਾਕਤ ਘੱਟ ਜਾਂਦੀ ਹੈ। ਇਸ ਨੂੰ ਪੂਰਾ ਕਰਨ ਵਿੱਚ ਜਿੰਨਾ ਜ਼ਿਆਦਾ ਸਮਾਂ ਲੱਗਦਾ ਹੈ, ਅਪਰਾਧੀ ਓਨਾ ਹੀ ਵਧੇਰੇ ਸੋਚਦੇ ਹਨ ਕਿ ਉਨ੍ਹਾਂ ਨੂੰ ਸਜ਼ਾ ਕਦੇ ਨਹੀਂ ਮਿਲੇਗੀ। ਮੌਤ ਦਾ ਡਰ ਭੈੜੇ ਤੋਂ ਭੈੜੇ ਲੋਕਾਂ ਨੂੰ ਵੀ ਸੀਮਿਤ ਕਰ ਸਕਦਾ ਹੈ, ਖਾਸ ਕਰਕੇ ਜਦ ਇਹ ਨੇੜੇ ਹੋਵੇ। ਮੌਤ ਸਾਨੂੰ ਇਸ ਗੱਲ ਲਈ ਧਨਵਾਦੀ ਹੋਣਾ ਸਿਖਾ ਸਕਦੀ ਹੈ ਕਿ ਹੇਰੋਦੇਸ, ਨੀਰੋ, ਨੇਪੋਲਿਅਨ, ਹਿਟਲਰ ਅਤੇ ਸਟੈਲਿਨ ਵਰਗੇ ਲੋਕਾਂ ਨੂੰ ਉਨ੍ਹਾਂ ਦੇ ਵਹਿਸ਼ੀਪੁਣੇ ਵਿੱਚ ਹਜ਼ਾਰਾਂ ਵਰ੍ਹਿਆਂ ਤੱਕ ਜੀਉਣ ਦੀ ਇਜਾਜ਼ਤ ਨਹੀਂ ਦਿੱਤੀ ਗਈ।

ਉਤਪਤ 5 ਵਿੱਚ ਦੱਸੇ ਗਏ ਜ਼ਿਆਦਾਤਰ ਪੁਰਸ਼ ਕਇਨ ਅਤੇ ਲਾਮਕ ਵਰਗੇ ਹੱਤਿਆਰੇ ਨਹੀਂ ਸਨ, ਜਿਨ੍ਹਾਂ ਦਾ ਜ਼ਿਕਰ ਪਹਿਲਾਂ ਕੀਤਾ ਗਿਆ ਹੈ; ਪਰ ਉਹ ਪਾਪੀ ਜ਼ਰੂਰ ਸਨ। ਇਸ ਕਰਕੇ ਭਾਵੇਂ ਉਹ ਕਈ ਵਰ੍ਹਿਆਂ ਤੱਕ ਜੀਉਂਦੇ ਰਹੇ, ਤਾਂ ਵੀ ਹਨੋਕ ਨੂੰ ਛੱਡ ਕੇ ਹਰੇਕ ਲਈ ਆਖਿਆ ਗਿਆ ਹੈ, ". . . ਤਾਂ ਉਹ ਮਰ ਗਿਆ।" ਇਹ ਸਚਿਆਈ ਸਾਨੂੰ ਹਲੀਮ ਕਰੇ ਅਤੇ ਇਹ ਸਿਆਣਨ ਲਈ ਮਜਬੂਰ ਕਰੇ ਕਿ ਇਸ ਭੌਤਿਕ ਸੰਸਾਰ ਵਿੱਚ ਮੌਤ ਸਭਨਾਂ ਪ੍ਰਾਣੀਆਂ ਉੱਤੇ ਰਾਜ ਕਰਦੀ ਹੈ (ਵੇਖੋ ਰੋਮੀਆਂ 5:21)। ਸਿਰਫ ਦੁਸ਼ਟ ਹੀ ਨਹੀਂ ਮਰਦੇ; "ਮਨੁੱਖਾਂ ਲਈ ਇੱਕ ਵਾਰ ਮਰਨਾ ਠਹਿਰਾਇਆ ਹੋਇਆ ਹੈ ਅਤੇ ਉਹ ਦੇ ਪਿੱਛੋਂ ਨਿਆਉਂ ਹੁੰਦਾ ਹੈ" (ਇਬਰਾਨੀਆਂ 9:27)। ਮੌਤ ਵਿੱਚ ਕੁਝ ਦੇਰੀ ਹੋ ਸਕਦੀ ਹੈ, ਪਰ ਆਖਿਰਕਾਰ ਇਹ ਸਭਨਾਂ ਉੱਤੇ ਜ਼ਰੂਰ ਆਣ ਪੈਂਦੀ ਹੈ। ਦੌਲਤ ਜਾਂ ਤਾਕਤ ਇਸ ਨੂੰ ਰੋਕਣ ਵਿੱਚ ਅਸਮਰੱਥ ਹੈ।

*ਅੱਜ ਦੀ ਤਰ੍ਹਾਂ ਹੀ ਉਸ ਵੇਲੇ ਵੀ ਜ਼ਿਆਦਾਤਰ ਲੋਕਾਂ ਨੂੰ ਭੁਲਾ ਦਿੱਤਾ ਜਾਂਦਾ ਸੀ।* ਆਦਮ ਅਤੇ ਹੱਵਾਹ, ਕਇਨ ਅਤੇ ਹਾਬਲ ਅਤੇ ਕਇਨ ਦੀ ਅੰਸ ਬਾਰੇ ਛੋਟੀਆਂ ਕਹਾਣੀਆਂ ਤੋਂ ਇਲਾਵਾ (ਉਤਪਤ 2-4), ਜਲ ਪਰਲੋ ਤੋਂ ਪਹਿਲਾਂ ਦੇ ਮਨੁੱਖੀ ਯੁੱਗ ਬਾਰੇ ਸਾਡੇ ਕੋਲ ਜੋ ਕੁਝ ਵੀ ਉਪਲਬਧ ਹੈ ਉਹ ਸਭ ਸਿਰਫ ਉਤਪਤ 5 ਅਤੇ 6 ਹੀ ਵਿੱਚ ਦਰਜ ਹੈ। ਇਸ ਇਤਿਹਾਸ ਦਾ ਜ਼ਿਆਦਾਤਰ ਹਿੱਸਾ ਵੰਸ਼ਾਵਲੀਆਂ ਹਨ ਜਿਹੜੀਆਂ ਕਈ ਯੁੱਗਾਂ ਤੱਕ ਚੱਲੀਆਂ।

ਜਲ ਪਰਲੋਂ ਤੋਂ ਪਹਿਲਾਂ ਦੀ ਪੀੜ੍ਹੀ ਬਾਰੇ ਜਾਣਕਾਰੀ ਦੀ ਘਾਟ ਦਾ ਇੱਕ ਕਾਰਣ ਇਹ ਹੋ ਸਕਦਾ ਹੈ ਕਿ ਉਸ ਵਿੱਚ ਸੁਰੱਖਿਅਤ ਰੱਖੇ ਜਾਣ ਲਾਇਕ ਗੱਲਾਂ ਬਹੁਤ ਘੱਟ ਸਨ। ਜ਼ਿਆਦਾਤਰ ਮਨੁੱਖਾਂ ਨੇ ਬਸ ਆਪਣਾ ਜੀਵਨ ਬਤੀਤ ਕੀਤਾ, ਵਿਆਹ ਕੀਤੇ, ਬੱਚੇ ਜੰਮੇ, ਹੋਰ ਵਧੇਰੇ ਦੁਸ਼ਟ ਹੁੰਦੇ ਗਏ ਅਤੇ ਮਰ ਗਏ। ਉਤਪਤ ਦਾ ਉਦੇਸ਼ ਇਹ ਨਹੀਂ ਸੀ ਕਿ ਸੰਪੂਰਣ ਮਨੁੱਖਜਾਤੀ ਦੇ ਵਿਸਤ੍ਰਤ ਇਤਿਹਾਸ ਦਾ ਵੇਰਵਾ ਪੇਸ਼ ਕਰੇ; ਸਗੋਂ ਇਸ ਦਾ ਉਦੇਸ਼ ਸਰਿਸ਼ਟੀ ਦੀ ਸਿਰਜਣਾ, ਮੂਲ

ਦੰਪਤੀ ਦੇ ਪਤਨ ਅਤੇ ਉਨ੍ਹਾਂ ਦੀ ਅੰਸ ਉੱਤੇ ਪਾਪ ਤੇ ਮੌਤ ਦੇ ਰਾਜ ਦਾ ਸੰਖੇਪ ਵੇਰਵਾ ਦੇਣਾ ਸੀ। ਇਸ ਦਾ ਇੱਕ ਉਦੇਸ਼ ਨਿਆਉਂ ਦੇ ਵਿਚਕਾਰ ਪਰਮੇਸ਼ੁਰ ਦੀ ਕਿਰਪਾ ਨੂੰ ਵਿਖਾਉਣਾ ਵੀ ਸੀ, ਕਿਉਂਕਿ ਪ੍ਰਭੂ ਅਣਕੱਥ ਪੀੜ੍ਹੀਆਂ ਵਿੱਚ ਵੀ ਇਸਤਰੀ ਦੀ "ਸੰਤਾਨ" (3:15) ਨੂੰ ਅਸੀਸ ਦਿੰਦਾ ਆਇਆ। ਇਹ ਅਸੀਸਾਂ ਸੇਥ, ਹਨੋਕ ਅਤੇ ਨੂਹ ਦੇ ਜੀਵਨ ਵਿੱਚ ਪਰਤੱਖ ਵੇਖੀਆਂ ਜਾਂ ਸਕਦੀਆਂ ਹਨ। ਇਹ ਅਸੀਸਾਂ ਖਾਸ ਕਰਕੇ ਅਬਰਾਹਾਮ, ਇਸਹਾਕ ਅਤੇ ਯਾਕੂਬ, ਦੀ ਅੰਸ, ਇਸਰਾਏਲੀਆਂ, ਵਿੱਚ ਹੋਰ ਵੀ ਵਧੇਰੇ ਪਰਤੱਖ ਹੋ ਗਈਆਂ, ਜਿਨ੍ਹਾਂ ਦੇ ਦੁਆਰਾ ਸਭਨਾਂ ਜਾਤੀਆਂ ਨੂੰ ਇੱਕ ਦਿਨ ਅਸੀਸ ਮਿਲਣੀ ਸੀ (ਗਲਾਤੀਆਂ 3:8-29)।

ਮਨੁੱਖਜਾਤੀ ਦੇ ਜ਼ਿਆਦਾਤਰ ਮੈਂਬਰਾਂ ਦੀ ਮੌਤ ਤੋਂ ਕੁਝ ਵਰ੍ਹਿਆਂ ਦੇ ਦੌਰਾਨ ਹੀ, ਜਾਂ ਫਿਰ ਨਿਸ਼ਚਿਤ ਤੌਰ 'ਤੇ ਕੁਝ ਪੀੜ੍ਹੀਆਂ ਦਰਮਿਆਨ ਹੀ ਉਨ੍ਹਾਂ ਦੀ ਯਾਦ ਇੱਕ ਸੁਫਨੇ ਵਾਂਗ ਲੁਪਤ ਹੋ ਗਈ, ਜਿਨ੍ਹਾਂ ਬਾਰੇ ਦੁਬਾਰਾ ਕਿਸੇ ਨੇ ਕੋਈ ਗੱਲ ਨਹੀਂ ਕੀਤੀ ਅਤੇ ਉਨ੍ਹਾਂ ਨੂੰ ਭੁਲਾ ਦਿੱਤਾ ਗਿਆ। ਇਸ ਵਿੱਚ ਕੋਈ ਹੈਰਾਨੀ ਨਹੀਂ ਹੈ ਕਿ ਉਪਦੇਸ਼ਕ ਨੇ ਆਖਿਆ, "ਵਿਅਰਥਾਂ ਦਾ ਵਿਅਰਥ! ਸਭ ਕੁਝ ਵਿਅਰਥ ਹੈ" (ਉਪਦੇਸ਼ਕ 1:2)। ਉਸ ਨੇ ਅੱਗੇ ਆਖਿਆ,

> . . . ਮੋਏ ਕੁਝ ਵੀ ਨਹੀਂ ਜਾਣਦੇ ਅਤੇ ਓਹਨਾਂ ਦੇ ਲਈ ਹੋਰ ਕੋਈ ਬਦਲਾ ਨਹੀਂ ਕਿਉਂ ਜੋ ਉਨ੍ਹਾਂ ਦਾ ਚੇਤਾ ਜਾਂਦਾ ਰਹਿੰਦਾ ਹੈ। ਉਨ੍ਹਾਂ ਦੀ ਪ੍ਰੀਤ ਅਤੇ ਵੈਰ ਅਰ ਉਨ੍ਹਾਂ ਦੀ ਈਰਖਾ ਹੁਣ ਮੁੱਕ ਗਏ ਅਤੇ ਸਦਾ ਤੋੜੀ ਸਭਨਾਂ ਕੰਮਾਂ ਵਿੱਚ ਜੋ ਸੂਰਜ ਦੇ ਹੇਠ ਕੀਤੇ ਜਾਂਦੇ ਹਨ ਉਨ੍ਹਾਂ ਦਾ ਕੋਈ ਭਾਗ ਨਹੀਂ (ਉਪਦੇਸ਼ਕ 9:5, 6)।[26]

ਸਧਾਰਨ ਤੌਰ 'ਤੇ ਸਾਰੀ ਮਨੁੱਖਜਾਤੀ ਦਾ ਹਾਲ ਇਹੋ ਹੋਇਆ ਹੈ ਅਤੇ ਉਤਪਤ 5 ਵਿੱਚ ਦਰਜ ਜ਼ਿਆਦਾਤਰ ਲੋਕਾਂ ਨਾਲ ਵੀ ਇਹੋ ਹੋਇਆ ਹੈ। ਪਵਿੱਤਰ ਸ਼ਾਸਤਰ ਵਿੱਚ ਦਰਜ ਨਾਮਾਂ ਦੀ ਸੂਚੀ ਸਾਨੂੰ ਇਹ ਚੇਤੇ ਕਰਾਉਂਦੀ ਹੈ ਕਿ ਸਾਡਾ ਭੌਤਿਕ ਜੀਵਨ ਸਮੇਂ ਦਾ ਬਸ ਇੱਕ ਪਲ ਹੀ ਹੈ ਅਤੇ ਸਾਡੇ ਵਿੱਚੋਂ ਬਹੁਤ ਘੱਟ ਲੋਕਾਂ ਦਾ ਹੀ ਸੰਸਾਰ ਦੇ ਇਤਹਾਸ ਉੱਤੇ ਕੋਈ ਲੰਮਾ ਪ੍ਰਭਾਵ ਪਵੇਗਾ।

ਵਫਾਦਾਰ ਲੋਕਾਂ ਨੂੰ ਇਹ ਚਿੰਤਾ ਕਰਨ ਦੀ ਲੋੜ ਨਹੀਂ ਹੈ ਕਿ ਕਿਤੇ ਪਰਮੇਸ਼ੁਰ ਉਨ੍ਹਾਂ ਨੂੰ ਭੁਲਾ ਤਾਂ ਨਹੀਂ ਦੇਵੇਗਾ। "ਪ੍ਰਭੂ ਆਪਣਿਆਂ ਨੂੰ ਜਾਣਦਾ ਹੈ" (2 ਤਿਮੋਥਿਉਸ 2:19)। ਉਸ ਦੇ ਸਭਨਾਂ ਆਗਿਆਕਾਰੀਆਂ ਦੇ ਨਾਮ "ਜੀਵਨ ਦੀ ਪੁਸਤਕ" ਵਿੱਚ ਦਰਜ ਹਨ (ਫ਼ਿਲਿੱਪੀਆਂ 4:3; ਪਰਕਾਸ਼ 20:12-15)। ਇਸ ਸੁਰਗੀ ਸੂਚੀ ਵਿੱਚ ਜਿਨ੍ਹਾਂ ਦੇ ਨਾਮ ਦਰਜ ਹਨ ਉਨ੍ਹਾਂ ਨੇ ਪ੍ਰਭੂ ਨੂੰ ਪ੍ਰੇਮ ਕੀਤਾ ਹੈ ਅਤੇ ਆਪਣੇ ਜੀਵਨ ਵਿੱਚ ਉਸ ਦੀ ਮਹਿਮਾ ਕੀਤੀ ਹੈ। ਉਹ ਆਪਣੇ ਚੁਫੇਰੇ ਦੇ ਲੋਕਾਂ ਦੇ ਜੀਵਨ ਵਿੱਚ ਫਰਕ ਲੈ ਕੇ ਆਏ ਹਨ ਅਤੇ ਪਰਮੇਸ਼ੁਰ ਦੇ ਨਾਮ ਵਿੱਚ ਉਨ੍ਹਾਂ ਦੀ ਅਤੇ ਹੋਰਨਾਂ ਲੋਕਾਂ ਦੀ ਸੇਵਾ ਕਰਦੇ ਆਏ ਹਨ। ਇੱਕ ਦਿਨ ਉਹ ਪ੍ਰਭੂ ਯਿਸੂ ਦੇ ਮੂੰਹੋਂ ਅਨੰਦਮਈ ਅਵਾਜ਼ ਇਹ ਆਖਦਿਆਂ ਜ਼ਰੂਰ ਸੁਣਨਗੇ, "ਹੇ ਚੰਗੇ ਅਤੇ ਮਾਤਬਰ ਦਾਸ, ਸ਼ਾਬਾਸ਼ੇ . . . ਆਪਣੇ ਮਾਲਕ ਦੀ ਖੁਸ਼ੀ ਵਿੱਚ ਦਾਖਲ ਹੋ" (ਮੱਤੀ 25:21); "ਮੈਂ ਤੁਹਾਨੂੰ ਸਤ ਆਖਦਾ ਹਾਂ ਭਈ ਜਦ ਤੁਸਾਂ ਮੇਰੇ ਇਨ੍ਹਾਂ ਸਭਨਾਂ ਤੋਂ ਛੋਟੇ ਭਰਾਵਾਂ ਵਿੱਚੋਂ ਇੱਕ ਨਾਲ ਇਹ ਕੀਤਾ ਤਾਂ ਮੇਰੇ ਨਾਲ ਕੀਤਾ" (ਮੱਤੀ 25:40)।

*ਅੱਜ ਦੀ ਤਰ੍ਹਾਂ ਹੀ ਇੱਕ ਵਿਅਕਤੀ ਵੀ ਵੱਡੀ ਭਿੰਨਤਾ ਲਿਆ ਦਿੰਦਾ ਸੀ।* ਵੰਸ਼ਾਵਲੀ ਵਜੋਂ ਦਿੱਤੀ ਗਈ ਸੂਚੀ ਵਿੱਚ ਪਰਮੇਸ਼ੁਰ ਨੇ ਹਨੋਕ ਦੇ ਜੀਵਨ ਨੂੰ ਐਨਾ ਵਿਸ਼ੇਸ਼ ਮਹੱਤਵ ਕਿਉਂ ਦਿੱਤਾ? ਪਹਿਲਾ, ਹਨੋਕ ਨੇ ਆਪਣੇ ਪ੍ਰਚਾਰ ਦੁਆਰਾ ਸੰਸਾਰ ਨੂੰ ਸਿਖਾਇਆ, ਜਿਸ ਵਿੱਚ ਉਸ ਨੇ ਇਸ ਗੱਲ ਉੱਤੇ ਜ਼ੋਰ ਦਿੱਤਾ ਕਿ ਦੁਸ਼ਟਾਂ ਦਾ ਨਿਆਉਂ ਕਰਨ ਲਈ ਪ੍ਰਭੂ ਜ਼ਰੂਰ ਆਵੇਗਾ (ਯਹੂਦਾਹ 14,

15)।[27] ਪਰਮੇਸ਼ੁਰ ਦੀ ਇੱਛਾ ਮੁੱਢਲੇ ਤੌਰ ’ਤੇ ਨਾਸ ਕਰਨਾ ਨਹੀਂ ਹੈ, ਪਰ ਇਹ ਹੈ ਕਿ ਦੁਸ਼ਟਾਂ ਨੂੰ ਉਨ੍ਹਾਂ ਦੇ ਪਾਪਾਂ ਲਈ ਕਾਇਲ ਕਰੇ ਅਤੇ ਉਨ੍ਹਾਂ ਨੂੰ ਤੋਬਾ ਤੱਕ ਲੈ ਕੇ ਆਵੇ (2 ਪਤਰਸ 3:9, 10)।

ਦੂਜਾ, ਉਸ ਨੇ ਆਪਣੇ ਜੀਵਨ ਰਾਹੀਂ ਵੀ ਸੰਸਾਰ ਨੂੰ ਸਿੱਖਿਆ ਦਿੱਤੀ, ਜਿਸ ਦਾ ਸਾਰ ਲੇਖਕ ਨੇ ਇਸ ਵਾਕ ਦੇ ਰਾਹੀਂ ਦਿੱਤਾ: “ਹਨੋਕ ਪਰਮੇਸ਼ੁਰ ਦੇ ਸੰਗ ਚੱਲਦਾ ਰਿਹਾ” (5:22, 24)। ਕਿਸੇ ਵੀ ਵਿਅਕਤੀ ਦੇ ਪ੍ਰਚਾਰ ਦੇ ਪ੍ਰਭਾਵਸ਼ਾਲੀ ਹੋਣ ਲਈ ਨਿਹਚਾ, ਖਰਾਈ ਅਤੇ ਪਵਿੱਤਰਤਾ ਨਾਲ ਬਿਤਾਇਆ ਗਿਆ ਉਸ ਦਾ ਜੀਵਨ ਲਾਜ਼ਮੀ ਹੈ। ਇਬਰਾਨੀਆਂ ਦੀ ਪੁਸਤਕ ਦੇ ਲੇਖਕ ਨੇ ਆਖਿਆ ਕਿ ਹਨੋਕ “ਦੇ ਉਤਾਹਾਂ ਚੁੱਕੇ ਜਾਣ ਤੋਂ ਪਹਿਲਾਂ ਇਹ ਸਾਖੀ ਦਿੱਤੀ ਗਈ ਸੀ ਭਈ ਉਹ ਪਰਮੇਸ਼ੁਰ ਦੇ ਮਨ ਭਾਉਂਦਾ ਹੈ” (ਇਬਰਾਨੀਆਂ 11:5)। ਉਸ ਦੇ ਚੁਫੇਰੇ ਦੇ ਸੰਸਾਰ ਵਿੱਚ ਭਰੀ ਪਈ ਦੁਸ਼ਟਤਾ ਅਤੇ ਹਨੇਰੇ ਦੇ ਉਲਟ ਉਸ ਦਾ ਪਵਿੱਤਰ ਜੀਵਨ ਅਤੇ ਭਲੇ ਕੰਮ ਰੋਸ਼ਨੀ ਦੀ ਇੱਕ ਕਿਰਣ ਵਾਂਗ ਸਨ ਜਿਹੜੀ ਪਰਮੇਸ਼ੁਰ ਦੀ ਮਹਿਮਾ ਲਈ ਲਿਸ਼ਕਦੀ ਸੀ (ਵੇਖੋ ਮੱਤੀ 5:16)।

ਤੀਜਾ, ਹਨੋਕ ਨੇ ਆਪਣੇ ਭੌਤਿਕ ਜੀਵਨ ਵਿੱਚੋਂ ਚਲਾਣਾ ਕਰਨ ਦੇ ਤਰੀਕੇ ਨਾਲ ਵੀ ਸੰਸਾਰ ਨੂੰ ਕੁਝ ਸਿਖਾਇਆ। ਉਤਪਤ ਦੇ ਲੇਖਕ ਨੇ ਲਿਖਿਆ ਕਿ “ਪਰਮੇਸ਼ੁਰ ਨੇ ਉਸ ਨੂੰ ਲੈ ਲਿਆ” (5:24) ਅਤੇ ਇਬਰਾਨੀਆਂ ਦੀ ਪੁਸਤਕ ਦੇ ਲੇਖਕ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਹ “ਉਤਾਹਾਂ ਚੁੱਕਿਆ ਗਿਆ” (ਇਬਰਾਨੀਆਂ 11:5)। ਜਲ ਪਰਲੋ ਤੋਂ ਪਹਿਲਾਂ ਦੀ ਪਾਪ ਨਾਲ ਭਰੀ ਪੀੜ੍ਹੀ ਵਿੱਚ ਮਨੁੱਖਜਾਤੀ ਨੂੰ ਇਹ ਜਾਣਨ ਦੀ ਲੋੜ ਸੀ ਕਿ ਮਨੁੱਖ ਦੀ ਨਿਯਤੀ ਵਿੱਚ ਕਸ਼ਟ, ਨਿਰਾਸਾ ਅਤੇ ਮੌਤ ਹੋਣਾ ਜ਼ਰੂਰੀ ਨਹੀਂ ਹੈ। ਹਨੋਕ ਨੂੰ ਪਰਮੇਸ਼ੁਰ ਵੱਲੋਂ ਚੁੱਕ ਲਿਆ ਜਾਣਾ ਇਸ ਤੱਥ ਦੀ ਸਾਖੀ ਸੀ ਕਿ ਇਸ ਜੀਵਨ ਤੋਂ ਪਰੇ ਵੀ ਹੋਂਦ ਦਾ ਇੱਕ ਖੇਤਰ ਸਾਡੀ ਉਡੀਕ ਕਰ ਰਿਹਾ ਹੈ। ਇਸ ਦੇ ਨਾਲ ਇਸ ਨੇ ਇਸ ਸਚਿਆਈ ਦੀ ਸਾਖੀ ਵੀ ਦਿੱਤੀ ਕਿ ਇਸ ਬ੍ਰਹਿਮੰਡ ਦਾ ਪਰਮੇਸ਼ੁਰ ਭਲਿਆਈ ਨੂੰ ਪਰਵਾਨਗੀ ਦਿੰਦਾ ਹੈ ਅਤੇ ਉਨ੍ਹਾਂ ਲੋਕਾਂ ਦਾ ਸਤਿਕਾਰ ਕਰਦਾ ਹੈ ਜੋ ਉਸ ਦੀ ਇੱਛਾ ਅਨੁਸਾਰ ਜੀਵਨ ਬਤੀਤ ਕਰਨ ਦੇ ਜਤਨ ਕਰਦੇ ਹਨ। ਅਖੀਰ ਵਿੱਚ, ਇਸ ਨੇ ਇਹ ਜਬਰਦਸਤ ਸਾਖੀ ਵੀ ਦਿੱਤੀ ਕਿ ਪਾਪ ਉੱਤੇ ਪਰਬਲ ਹੋਣਾ ਹੀ, ਜਿਵੇਂ ਕਿ ਪਰਮੇਸ਼ੁਰ ਨੇ ਕਇਨ ਨੂੰ 4:7 ਵਿੱਚ ਹੁਕਮ ਦਿੱਤਾ ਸੀ, ਪਰਮੇਸ਼ੁਰ ਦੀ ਪਰਵਾਨਗੀ ਅਤੇ ਪ੍ਰਭੂ ਦੇ ਨਾਲ ਸਦੀਪਕਤਾ ਬਿਤਾਉਣ ਦੀ ਪਰਤਾਪਵਾਨ ਨਿਯਤੀ ਪ੍ਰਾਪਤ ਕਰਨ ਦਾ ਇੱਕਮਾਤਰ ਤਰੀਕਾ ਹੈ।

---

ਟਿੱਪਣੀਆਂ

[1]*ਸੇਪੇਰ* ਦਾ ਮੁੱਢਲਾ ਅਰਥ ਇੱਕ “‘ਦਸਤਾਵੇਜ਼,’ ਹੈ ਅਰਥਾਤ, ਲਿਖਣ ਲਈ ਤਿਆਰ ਕੀਤੀ ਗਈ ਅਜਿਹੀ ਸਮੱਗਰੀ . . . ਜਿਸ ਉੱਤੇ ਕੁਝ ਲਿਖਿਆ ਜਾਂਦਾ ਹੈ।” ਪੁਰਾਤਨ ਸਮਿਆਂ ਵਿੱਚ ਇਸ ਦਾ ਅਰਥ ਸ਼ਿਲਾਲੇਖ, ਪਪਾਇਰਸ ਲਿਖਤਾਂ, ਜਾਂ ਚਰਮ ਪੱਤਰ ਲਿਖਤਾਂ (ਚਮੜੇ ਉੱਤੇ ਲਿਖੀਆਂ ਗਈਆਂ) ਹੋ ਸਕਦਾ ਸੀ। ਬਾਅਦ ਵਿੱਚ ਇਸ ਦਾ ਅਰਥ ਇੱਕ ਲਿਖਤ ਦਸਤਾਵੇਜ਼ ਜਾਂ ਇੱਕ ਪੁਸਤਕ ਬਣ ਗਿਆ (ਜੇ. ਕੁਹਲੇਵਾਇਨ, “סֵפֶר,” *ਥਿਓਲੌਜਿਕਲ ਲੈਕਸੀਕਨ ਆਫ ਦਿ ਓਲਡ ਟੈਸਟਾਮੈਂਟ*, ਅਨੁਵਾਦਕ ਮਾਰਕ ਈ. ਬਿਡਲ, ਸੰਪਾਦਕ ਅਰਨਸਟ ਜੇਨੀ ਅਤੇ ਕਲੌਸ ਵੈਸਟਰਮਨ [ਪੀਬੌਡੀ, ਮਾਸੇਚਿਯੁਸੇਟਸ: ਹੈਂਡ੍ਰਿਕਸਨ ਪਬਲਿਸ਼ਰਜ਼, 1997], 2:808 ਵਿੱਚ)। [2]ਮੂਲਪਾਠ ਇਹ ਨਹੀਂ ਦੱਸਦਾ ਕਿ ਪਰਮੇਸ਼ੁਰ ਨੇ ਇਨ੍ਹਾਂ ਲੋਕਾਂ ਦਾ ਜੀਵਨਕਾਲ ਕਿਵੇਂ ਵਧਾਇਆ ਸੀ। ਇੱਕ ਸੰਭਾਵਨਾ ਇਹ ਹੋ ਸਕਦੀ ਹੈ ਕਿ, ਜਲ ਪਰਲੋ ਤੋਂ ਪਹਿਲਾਂ, ਅਕਾਸ਼ਮੰਡਲ ਵਿੱਚ ਸੰਘਣੀ ਭਾਫ਼ ਦੀ ਇੱਕ ਅਜਿਹੀ ਪਰਤ ਸੀ ਜਿਹੜੀ ਸੂਰਜ ਤੋਂ ਆਉਣ ਵਾਲੀਆਂ ਹਾਨੀਕਾਰਕ ਕਿਰਣਾਂ, ਜਿਹੜੀਆਂ ਬੁਢਾਪਾ ਲਿਆਉਂਦੀਆਂ ਹਨ, ਨੂੰ ਰੋਕ ਲੈਂਦੀ ਸੀ। ਇਸ ਕਰਕੇ ਲੋਕ ਐਨੀ ਛੇਤੀ ਬੁੱਢੇ ਨਹੀਂ ਹੁੰਦੇ ਸਨ ਜਿੰਨੀ ਛੇਤੀ ਹੁਣ ਹੁੰਦੇ ਹਨ। (ਜੌਨ ਸੀ. ਵਾਈਟਕੌਂਬ, ਜੂਨੀਅਰ, ਅਤੇ ਹੇਨਰੀ ਐੱਮ. ਮੋਰਿਸ, *ਦਿ*

*ਜੇਨੇਸਿਸ ਫਲੱਡ* [ਫਿਲਾਡੇਲਫੀਆ: ਪ੍ਰੇਸਬਿਟੇਰਿਅਨ ਐਂਡ ਰਿਫੋਰਮਡ ਪਬਲਿਸ਼ਿੰਗ ਕੰਪਨੀ, 1961], 399-405.) [3]“ਮਹਲਲੇਲ” ਨਾਮ ਦੇ ਇੱਕ ਹੋਰ ਵਿਅਕਤੀ ਦਾ ਜ਼ਿਕਰ ਨਹਮਯਾਹ 11:4 ਵਿੱਚ ਕੀਤਾ ਗਿਆ ਹੈ ਅਤੇ ਇੱਕ ਹੋਰ “ਯਰਦ” 1 ਇਤਹਾਸ 4:18 ਵਿੱਚ ਦਿਖਾਈ ਦਿੰਦਾ ਹੈ। [4]ਕੁਝ ਹੋਰ ਮੂਲਪਾਠ ਵੀ ਇਸ ਦੇ ਨਾਲ ਮੇਲ ਖਾਂਦੇ ਹਨ। ਮਲਾਕੀ 2:6 ਵਿੱਚ ਪ੍ਰਭੂ ਨੇ ਉਹ ਪਰਗਟ ਕੀਤਾ ਜੋ ਉਹ ਜਾਜਕਾਂ ਤੋਂ ਚਾਹੁੰਦਾ ਸੀ। ਲੇਵੀ ਦੇ ਵਿਖੇ ਪਰਮੇਸ਼ੁਰ ਨੇ ਆਖਿਆ, “ਉਹ ਸ਼ਾਂਤੀ ਅਤੇ ਸਿਧਿਆਈ ਵਿੱਚ ਮੇਰੇ ਨਾਲ ਚੱਲਦਾ ਰਿਹਾ।” ਇਹ ਵੀ ਲਿਖਿਆ ਹੈ ਕਿ ਅਬਰਾਹਾਮ ਅਤੇ ਇਸਹਾਕ ਪਰਮੇਸ਼ੁਰ ਦੇ “ਸਨਮੁਖ” ਚੱਲਦੇ ਰਹੇ (17:1; 24:40; 48:15)। [5]ਜੋਨ ਡੀ. ਲੇਵੇਨਸਨ, “ਜੇਨੇਸਿਸ,” *ਦਿ ਜਿਉਇਸ਼ ਸਟਡੀ ਬਾਈਬਲ*, ਸੰਪਾਦਕ ਐਡਲ ਬਰਲਿਨ ਅਤੇ ਮਾਰਕ ਜ਼ਵੀ ਬ੍ਰੇਟਲਰ (ਨਿਊ ਯੌਰਕ: ਔਕਸਫੋਰਡ ਯੂਨਿਵਰਸਿਟੀ ਪ੍ਰੈਸ, 2004), 20. [6]ਉਤਪਤ 5 ਵਿੱਚ ਹਨੋਕ ਦੇ ਚੁੱਕ ਲਏ ਜਾਣ ਦੀ ਘਟਨਾ ਦੀ ਨਕਲ ਗੈਰ-ਯਹੂਦੀ ਸਾਹਿਤ ਵਿੱਚ ਕੀਤੀ ਗਈ। ਵੇਖੋ ਗੋਰਡਨ ਜੇ. ਵੇਨਹੈਮ, *ਜੇਨੇਸਿਸ 1-15*, ਵਰਡ ਬਿਬਲਿਕਲ ਕਮੈਂਟ੍ਰੀ, ਜਿਲਦ 1 (ਵੇਕੋ, ਟੈਕਸਸ: ਵਰਡ ਬੁਕਸ, 1987), 128. [7]ਡੇਰੇਕ ਕਿਡਨਰ, *ਜੇਨੇਸਿਸ: ਐਨ ਇੰਟ੍ਰੋਡਕਸ਼ਨ ਐਂਡ ਕਮੈਂਟ੍ਰੀ*, ਦਿ ਟਿਨਡੇਲ ਓਲਡ ਟੈਸਟਾਮੈਂਟ ਕਮੈਂਟ੍ਰੀਜ਼ (ਡਾਉਨਰਜ਼ ਗ੍ਰੂਵ, ਇਲਿਨੋਏ: ਇੰਟਰ-ਵਰਸਿਟੀ ਪ੍ਰੈਸ, 1967), 81. [8]ਲਿਓਨਾਰਡ ਜੇ. ਕੌਪਸ, “נֹחַ,” *TWOT*, 2:562-63 ਵਿੱਚ। [9]ਉਤਪਤ 10:1 ਦੇ ਅਨੁਸਾਰ ਨੂਹ ਦੇ ਪੋਤੇ-ਪੋਤੀਆਂ ਦੇ ਜਨਮ ਜਲ ਪਰਲੋ ਤੋਂ ਬਾਅਦ ਹੋਏ ਸਨ। [10]ਕੇ. ਏ. ਕਿਚਨ ਦਾ ਮੰਨਣਾ ਸੀ ਕਿ ਸਰਿਸ਼ਟੀ ਦੀ ਰਚਨਾ ਨੂੰ 4000 ਈ.ਪੂ. ਦੇ ਨੇੜੇ ਨਹੀਂ ਆਖਿਆ ਜਾ ਸਕਦਾ, ਕਿਉਂਕਿ ਪੁਰਾਤਨ ਮੱਧ ਪੂਰਬ ਵਿੱਚ ਉਸ ਤੋਂ ਵੀ ਕਈ ਹਜ਼ਾਰ ਵਰ੍ਹੇ ਪਹਿਲਾਂ ਦੀਆਂ ਮਨੁੱਖੀ ਬਸਤੀਆਂ ਅਤੇ ਵਿਕਾਸਸ਼ੀਲ ਸਭਿਆਚਾਰਾਂ ਦੇ ਹੋਣ ਦੇ ਪ੍ਰਮਾਣ ਮਿਲੇ ਹਨ (ਕੇ. ਏ. ਕਿਚਨ, *ਐਂਸ਼ਿਅੰਟ ਓਰਿਏਂਟ ਐਂਡ ਓਲਡ ਟੈਸਟਾਮੈਂਟ* [ਡਾਉਨਰਜ਼ ਗ੍ਰੂਵ, ਇਲਿਨੋਏ: ਇੰਟਰਵਰਸਿਟੀ ਪ੍ਰੈਸ, 1966], 36-37.)

[11]ਗਲੀਸਨ ਐੱਲ. ਆਰਚਰ, ਜੂਨੀਅਰ, “ਦਿ ਕ੍ਰੋਨੋਲੌਜੀ ਆਫ ਦੀ ਓਲਡ ਟੈਸਟਾਮੈਂਟ,” *ਦੀ ਐਕਸਪੋਜ਼ਿਟਰਸ ਬਾਈਬਲ ਕਮੈਂਟ੍ਰੀ*, ਜਿਲਦ 1, *ਇੰਟ੍ਰੋਡਕਟਰੀ ਆਰਟੀਕਲਸ*, ਸੰਪਾਦਕ ਫ੍ਰੈਂਕ ਈ. ਗੇਬੇਲਾਇਨ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜੋਂਡਰਵਨ ਪਬਲਿਸ਼ਿੰਗ ਹਾਉਸ, 1979), 361 ਵਿੱਚ। [12]ਜੌਨ ਐੱਚ. ਸੇਲਹੈਮਰ, “ਜੇਨੇਸਿਸ,” *ਦੀ ਐਕਸਪੋਜ਼ਿਟਰਸ ਬਾਈਬਲ ਕਮੈਂਟ੍ਰੀ* ਜਿਲਦ 2, *ਜੇਨੇਸਿਸ, ਐਕਸੋਡਸ, ਲੇਵਿਟਿਕਸ, ਨੰਬਰਸ,* ਸੰਪਾਦਕ ਫ੍ਰੈਂਕ ਈ. ਗੇਬੇਲਾਇਨ (ਗ੍ਰੈਂਡ ਰੈਪਿਡਸ, ਮਿਸ਼ੀਗਨ: ਜੋਂਡਰਵਨ ਪਬਲਿਸ਼ਿੰਗ ਹਾਉਸ, 1990), 72. [13]ਕੇਨੇਥ ਏ. ਮੈਥਿਉਸ, *ਜੇਨੇਸਿਸ 1-11:26*, ਦਿ ਨਿਊ ਅਮੈਰਿਕਨ ਕਮੈਂਟ੍ਰੀ, ਜਿਲਦ 1A (ਨੈਸ਼ਵਿਲ: ਬ੍ਰੌਡਮੈਨ ਐਂਡ ਹੋਲਮਨ ਪਬਲਿਸ਼ਰਸ, 1996), 303-5. [14]ਆਰ. ਕੇ. ਹੈਰੀਸਨ, “ਜੇਨਿਓਲੌਜੀ,” *ਦਿ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਐਨਸਾਈਕਲੋਪੀਡੀਆ*, ਸੋਧਿਆ ਸੰਸਕਰਨ, ਸੰਪਾਦਕ ਜੈਫਰੀ ਡਬਲਿਊ. ਬ੍ਰੋਮਾਇਲੀ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਅਰਡਮੰਸ ਪਬਲਿਸ਼ਿੰਗ ਕੰਪਨੀ, 1982), 2:426. [15]ਇਸਹਾਕ ਉਸ ਵੇਲੇ ਚਾਲ੍ਹੀ ਵਰ੍ਹਿਆਂ ਦਾ ਸੀ ਜਿਸ ਵੇਲੇ ਉਸ ਨੇ ਰਿਬਕਾਹ ਨੂੰ ਵਿਆਹਿਆ (25:20) ਅਤੇ ਏਸਾਉ ਦੀ ਉਮਰ ਵੀ ਇਹੋ ਸੀ ਜਦ ਉਸ ਨੇ ਆਪਣੀ ਪਹਿਲੀ ਪਤਨੀ ਵਿਆਹੀ ਸੀ (26:34); ਪਰ ਫਿਰ ਵੀ, ਇਹ ਸਿਰਫ ਕੁਝ ਲੋਕਾਂ ਨਾਲ ਹੀ ਹੋਇਆ ਸੀ, ਇਹ ਕੋਈ ਖਾਸ ਨਿਯਮ ਨਹੀਂ ਸੀ ਕਿ ਵਿਆਹ ਇਸੇ ਉਮਰ ਵਿੱਚ ਹੋਵੇ। [16]ਇੱਕ ਅੰਦਾਜ਼ਾ ਇਹ ਹੈ “ਤੀਹ ਵਰ੍ਹੇ ਜਾਂ ਘੱਟ” (ਹੈਰੀਸਨ, 2:426)। [17]ਹਾਲਾਂਕਿ ਵੰਸ਼ਾਵਲੀਆਂ ਵਿੱਚ ਸਿਰਫ ਪੁਰਸ਼ਾਂ ਦਾ ਜ਼ਿਕਰ ਹੁੰਦਾ ਸੀ, ਪਰ ਇੰਜੀਲ ਦੇ ਮੱਤੀ ਦੇ ਵਿਰਤਾਂਤ ਵਿੱਚ ਦਿੱਤੀ ਗਈ ਮਸੀਹ ਦੀ ਵੰਸ਼ਾਵਲੀ ਵਿੱਚ ਕਈ ਇਸਤਰੀਆਂ ਦੇ ਨਾਮ ਵੀ ਦਰਜ ਹਨ (ਮੱਤੀ 1:3-6, 16)। [18]ਇਸ ਵਿੱਚ ਲਾਮਕ ਦੀ ਧੀ ਨਾਮਾਹ ਸ਼ਾਮਲ ਨਹੀਂ ਹੈ, ਕਿਉਂਕਿ ਆਮਤੌਰ ’ਤੇ ਇਸਤਰੀਆਂ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ ਸੀ। [19]ਜੈਕ ਐੱਮ. ਸੈਸਨ, “ਜੇਨੇਰੇਸ਼ਨ, ਸੈਵੰਥ,” *ਦਿ ਇੰਟਰਪ੍ਰੇਟਰਜ਼ ਡਿਕਸ਼ਨਰੀ ਆਫ ਦਿ ਬਾਈਬਲ*, ਸਪਲਿਮੈਂਟ੍ਰੀ ਵਾਲਯੂਮ, ਸੰਪਾਦਕ ਕੀਥ ਕ੍ਰਿਮ (ਨੈਸ਼ਵਿਲ: ਅਬਿੰਗਡਨ ਪ੍ਰੈਸ, 1976), 355-56 ਵਿੱਚ। [20]ਉਸ ਨੂੰ 2 ਰਾਜਿਆਂ 14:21 ਵਿੱਚ “ਅਜ਼ਰਯਾਹ” ਅਤੇ ਇਸ ਦੇ ਸਮਾਨਾਂਤਰ ਬੰਦ 2 ਇਤਹਾਸ 26:1 ਵਿੱਚ “ਅਹਜ਼ਯਾਹ” ਆਖਿਆ ਗਿਆ ਹੈ।

[21]ਜ਼ਿਆਦਾਤਰ ਆਧੁਨਿਕ ਸੰਸਕਰਣ “ਜੰਮਿਆ” ਕਿਰਿਆ ਦੀ ਬਜਾਇ “ਪਿਤਾ” ਨਾਂਵ ਦੇ ਨਾਲ ਵੱਖਰੇ ਵਾਕ ਦੀ ਵਰਤੋਂ ਕਰਦੇ ਹਨ। [22]ਪੌਲ ਆਰ. ਗਿਲਕ੍ਰਿਸਟ, “יָלַד,” *TWOT*, 1:379 ਵਿੱਚ। [23]ਐੱਫ. ਚਾਰਲਸ ਫੇਨਸ਼ਾਮ, *ਦਿ ਬੁਕਸ ਆਫ ਅਜ਼ਰਾ ਐਂਡ ਨੇਹੇਮਾਯਾਹ*, ਦਿ ਨਿਊ ਇੰਟਰਨੈਸ਼ਨਲ ਕਮੈਂਟ੍ਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਅਰਡਮੰਸ ਪਬਲਿਸ਼ਿੰਗ ਕੰਪਨੀ, 1982), 98. [24]ਧਰਤੀ ਦੇ ਦੂਰ-ਦੁਰਾਡੇ ਦੇ ਇਲਾਕਿਆਂ ਵਿੱਚ, ਜਿੱਥੇ ਆਧੁਨਿਕ ਸਿੱਖਿਆ ਅਜੇ ਤੱਕ ਨਹੀਂ ਪੁੱਜੀ ਹੈ, ਇਸ ਰਸਮ ਦੀ ਪਾਲਣਾ ਅਜੇ ਵੀ ਕੀਤੀ ਜਾਂਦੀ ਹੈ। [25]ਆਂਦ੍ਰੇ ਲੇਮਾਇਰ, “ਰਾਇਟਿੰਗ ਐਂਡ ਰਾਇਟਿੰਗ ਮੈਟੇਰਿਅਲਸ,” *ਦਿ ਐਂਕਰ ਬਾਈਬਲ ਡਿਕਸ਼ਨਰੀ*, ਸੰਪਾਦਕ ਡੇਵਿਡ ਨੋਏਲ ਫ੍ਰੀਡਮੈਨ (ਨਿਊ ਯੌਰਕ: ਡਬਲਡੇ, 1992), 6:999. [26]ਕੁਝ ਲੋਕਾਂ ਦਾ ਮਾਨਤਾ ਹੈ ਕਿ ਉਪਦੇਸ਼ਕ ਇਹ ਆਖ ਰਿਹਾ ਸੀ ਭਈ ਮੌਤ ਤੋਂ ਬਾਅਦ ਮ੍ਰਿਤਕ ਜਾਂ ਤਾਂ ਵਿਵੇਕਹੀਣ ਹੋ ਜਾਂਦੇ ਹਨ ਜਾਂ ਫਿਰ ਉਨ੍ਹਾਂ ਦਾ ਵਜੂਦ ਖਤਮ ਹੋ ਜਾਂਦਾ ਹੈ। ਇਸ ਦੇ ਉਲਟ ਉਹ ਇਹ ਆਖ ਰਿਹਾ ਸੀ ਕਿ ਉਹ ਹੁਣ ਨਹੀਂ ਜਾਣਦੇ ਕਿ ਧਰਤੀ ’ਤੇ ਕੀ ਕੁਝ ਹੋ ਰਿਹਾ ਹੈ ਅਤੇ ਜਿਹੜੇ ਲੋਕ

ਧਰਤੀ 'ਤੇ ਜੀਉਂਦੇ ਹਨ ਛੇਤੀ ਹੀ ਉਨ੍ਹਾਂ ਨੂੰ ਭੁਲਾ ਦੇਣਗੇ ਅਤੇ ਇਸ ਤਰ੍ਹਾਂ ਉਨ੍ਹਾਂ ਦਾ ਚੇਤਾ ਜਾਂਦਾ ਰਹਿੰਦਾ ਹੈ। [27]ਯਹੂਦਾਹ 14, 15 ਵਿੱਚ ਹਨੋਕ ਬਾਰੇ ਚਰਚਾ ਲਈ, ਵੇਖੋ ਡੁਏਨ ਵਾਰਡਨ, *1 ਐਂਡ 2 ਪੀਟਰ ਐਂਡ ਜੂਡ*, ਟ੍ਰੁੱਥ ਫਾਰ ਟੁਡੇ ਕਮੈਂਟ੍ਰੀ (ਸੀਰਸੀ, ਆਰਕੈਂਸਾ: ਰਿਸੋਰਸ ਪਬਲਿਕੇਸ਼ਨਸ, 2009), 499-502.